Vide R.N.I. No. Pun-Pun 2002/8323 ASR/0001/2024/26

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

D.O.P. 15 May 2025

ਅੰਕ: 163






ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦਾ ਸੰਖੇਪ ਜੀਵਨ

ਅੰਦਰ ਪੜ੍ਹੋ ਜੀ



ਧੰਨ ਧੰਨ ਬਾਬਾ ਕੁੰਦਨ ਸਿੰਘ ਜੀ (ਨਾਨਕਸਰ ਕਲੇਰਾਂ ਵਾਲੇ)

# ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਵੱਲੋਂ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਨੂੰ ਅਸੀਸਾਂ ਤੇ ਬਰਕਤਾਂ



ਅਸੀਸਾਂ ਵਜੋਂ ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦੀ ਹੱਥ ਲਿਖਤ



ਬੀਬੀ ਕੌਲਾਂ ਜੀ ਭਲਾਈ ਦੀ ਸ਼ੁੱਭ ਸ਼ੁਰੂਆਤ ਸਮੇਂ ਧੰਨ ਬਾਬਾ ਕੁੰਦਨ ਸਿੰਘ ਜੀ ਕੋਲੋਂ ਆਗਿਆ ਲੈਂਦੇ ਹੋਏ ਭਾਈ ਗੁਰਇਕਬਾਲ ਸਿੰਘ ਜੀ ।



ਧੰਨ ਬਾਬਾ ਕੁੰਦਨ ਸਿੰਘ ਜੀ, ਬਾਬਾ ਸੁਖਦੇਵ ਸਿੰਘ ਜੀ, ਬਾਬਾ ਗੁਰਮੇਲ ਸਿੰਘ ਜੀ ਭਾਈ ਸਾਹਿਬ ਨੂੰ ਅਸੀਸਾਂ ਬਖਸ਼ਦੇ ਹੋਏ ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿਹਰ ਦਾ ਸਦਕਾ ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਨੇ ਤਕਰੀਬਨ 32 ਸਾਲ ਪਹਿਲਾਂ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੀ ਸ਼ੁੱਭ ਸ਼ੁਰੂਆਤ ਸਮੇਂ ਪਹਿਲਾ ਰਜਿਸਟਰ ਆਪਣੇ ਕਰ ਕਮਲਾਂ ਨਾਲ ਲਗਾ ਕੇ ਅਸੀਸਾਂ ਬਖਸ਼ੀਆਂ । ਫਿਰ ਬਾਬਾ ਜੀ ਨੇ ਬਰਕਤ ਰੂਪੀ 1300/- ਰੁਪਏ ਝੋਲੀ ਵਿੱਚ ਪਾ ਕੇ ਨਿਮਰਤਾ ਵਿੱਚ ਬਚਨ ਕੀਤਾ ਸਾਡਾ ਵੀ ਸੇਵਾ ਵਿੱਚ ਹਿੱਸਾ ਵਿੱਚ ਪਾ ਲਓ ਭਈ । ਉਹ 1300/- ਰੁਪਏ ਸਾਡੇ ਲਈ ਪੂਰਨ ਤੌਰ ਤੇ ਮਹਾਂਪੁਰਸ਼ਾਂ ਵੱਲੋਂ ਬਰਕਤ ਰੂਪੀ ਰੁਪਏ ਸਨ । ਅੱਜ ਤਕਰੀਬਨ 21 ਸ਼ਹਿਰਾਂ ਵਿੱਚ ਬੀਬੀ ਕੌਲਾਂ ਜੀ ਭਲਾਈ ਕੇਂਦਰ ਨਾਮ ਹੇਠ ਪ੍ਰੇਰਨਾ ਯੂਨਿਟ ਚੱਲ ਰਹੇ ਹਨ, ਜਿੱਥੇ 7800 ਤੋਂ ਵੀ ਵੱਧ ਵਿਧਵਾ ਬੀਬੀਆਂ ਦੇ ਪਰਿਵਾਰ ਫ੍ਰੀ ਰਾਸ਼ਨ ਪ੍ਰਾਪਤ ਕਰ ਰਹੇ ਹਨ । ਇਹ ਸਾਰੇ ਯੂਨਿਟ ਗੁਰੂ ਸਾਹਿਬ ਜੀ ਦੀ ਕ੍ਰਿਪਾ ਅਤੇ ਪੂਰਨ ਮਹਾਂਪੁਰਸ਼ ਬਾਬਾ ਕੁੰਦਨ ਸਿੰਘ ਜੀ ਦੀਆਂ ਅਸੀਸਾਂ ਨਾਲ ਚੱਲ ਰਹੇ ਹਨ ।

—ਦਾਸ ਭਾਈ ਗੁਰਇਕਬਾਲ ਸਿੰਘ

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-163ਵਾਂ (2025)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ


- ਸੰਪਾਦਕੀ 4
- ਧੰਨ ਧੰਨ ਬਾਬਾ ਕੁੰਦਨ ਸਿੰਘ ਜੀ (ਨਾਨਕਸਰ ਕਲੇਰਾਂ ਵਾਲੇ) ਮਹਾਂਪੁਰਸ਼ਾਂ ਦੇ ਗੁਣਾਂ ਦੀ ਸਾਂਝ 5
- ਬਾਬਾ ਗੁਰਮੇਲ ਸਿੰਘ ਜੀ ਦੇ ਕੀਰਤਨ ਵਿੱਚੋਂ... 16
- ਧੰਨ ਧੰਨ ਬਾਬਾ ਅਟੱਲ ਰਾਇ ਸਾਹਿਬ ਜੀ ਦੇ ਪ੍ਰਤੀ... 17
- ਸੇਵਕਾਂ ਨੂੰ ਮਾਤਾ-ਪਿਤਾ ਦਾ ਸਤਿਕਾਰ... 19
- ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ ਨਾਜ਼ਰ... 20
- ਅਨਮੋਲ ਬਚਨ 22
- ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦਾ ਸੰਖੇਪ ਜੀਵਨ 23
- ਅੰਮ੍ਰਿਤ ਵੇਲੇ ਦੀ ਮਹਾਨਤਾ ਦਰਸਾਉਣ ਵਾਲੇ... 27
- ਬਾਬਾ ਸੁਖਦੇਵ ਸਿੰਘ ਜੀ ਵੱਲੋਂ ਧੰਨ ਬਾਬਾ ਕੁੰਦਨ ਜੀ ਦੀਆਂ ਸਿਫਤਾਂ 28
- ਹੋਣਹਾਰ ਟਾਲੇ ਸੰਤ ਮੂਏ ਕੋ ਜੀਵਾਲੇ ਸੰਤ 30
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 31
- ਆਪਣੇ ਮੁਰਸ਼ਦ ਬਾਬਾ ਈਸ਼ਰ ਸਿੰਘ ਜੀ ਪ੍ਰਤੀ... 32
- अति की गरीबी कमाने वाले महापुरुष... 33
- नम्रता के दर्शन 38
- मन कैसे बेचना है और इन्द्रियों पर कंट्रोल कैसे करना है? 39
- Dhan Sri Guru Nanak Dev Ji... 43
- Praises of Dhan Baba Kundan Singh Ji 49


*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। *-ਸੰਪਾਦਕ*

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਗੁਰਬਾਣੀ ਰਾਹੀਂ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਇਹ ਸੋਝੀ ਬਖਸ਼ਿਸ਼ ਕਰਦੇ ਹਨ:

***ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥*** ***(ਅੰਗ ੬੪੭)***

ਗੁਰੂ ਚਰਨਾਂ ਵਿੱਚ ਰੰਗੇ ਹੋਏ ਮਹਾਂਪੁਰਸ਼ਾਂ ਦਾ ਜੀਵਨ, ਮਹਾਂਪੁਰਸ਼ਾਂ ਦੇ ਬਚਨ, ਮਹਾਂਪੁਰਸ਼ਾਂ ਦੇ ਆਦਰਸ਼ ਜੀਵਾਂ ਦੀ ਕਲਿਆਣ ਲਈ ਹੁੰਦੇ ਹਨ। ਉਹ ਇਸ ਤਪਦੀ ਲੋਕਾਈ ਨੂੰ ਸ਼ਾਂਤ ਕਰਨ ਲਈ, ਉਨ੍ਹਾਂ ਦੇ ਅੰਦਰ ਸਦੀਵੀ ਪ੍ਰੇਮ ਦਾ ਅਨੰਦ ਭਰਨ ਲਈ ਗੁਰੂ ਆਸ਼ੇ ਮੁਤਾਬਿਕ ਕਥਨੀ ਦੇ ਨਾਲ ਨਾਲ ਕਰਨੀ ਨੂੰ ਮੁੱਖ ਰੱਖਦੇ ਹਨ। ਧੰਨ ਬਾਬਾ ਕੁੰਦਨ ਸਿੰਘ ਜੀ (ਨਾਨਕਸਰ ਕਲੇਰਾਂ ਵਾਲੇ) ਮਹਾਂਪੁਰਸ਼ ਇੱਕ ਐਸੀ ਹੀ ਰੰਗ ਰੱਤੜੀ ਰੂਹ, ਗੁਰੂ ਪ੍ਰੇਮ ਵਿੱਚ ਭਿੱਜੀ ਹੋਈ ਆਤਮਾ ਸਨ ਜਿਨ੍ਹਾਂ ਨੇ ਆਪਣੇ ਸਾਰੇ ਜੀਵਨ ਵਿੱਚ ਕਥਨੀ ਨਾਲੋਂ ਕਰਨੀ ਨੂੰ ਪ੍ਰਧਾਨਤਾ ਦਿੱਤੀ। ਕਰਨੀ ਨੂੰ ਸਾਹਮਣੇ ਰੱਖਿਆ ਤੇ ਬਾਬਾ ਜੀ ਦਾ ਅਮਲੀ ਜੀਵਨ ਦੇਖ ਕੇ ਕਈਆਂ ਅੰਦਰ ਗੁਰੂ ਚਰਨਾਂ ਪ੍ਰਤੀ ਪ੍ਰੇਮ ਦੀ ਸਿੱਕ ਪੈਦਾ ਹੋ ਗਈ। ਬਾਬਾ ਜੀ ਦੀ ਨਿੱਤ ਕਿਰਿਆ ਗੁਰੂ ਮਰਿਆਦਾ ਦੇ ਆਸ਼ੇ ਵਿੱਚ ਢਲੀ ਹੋਈ ਨਿਰਮਲ ਕਿਰਿਆ ਸੀ। ਹਰ ਸਮੇਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸੇਵਾ ਲਈ ਤਤਪਰ। ਕੋਈ ਥਕਾਵਟ ਨਹੀਂ, ਕੋਈ ਨਾਗਾ ਨਹੀਂ ਤੇ ਹਰ ਸਮੇਂ ਗੁਰੂ ਸਾਹਿਬ ਦੀ ਸੇਵਾ ਲਈ ਚਾਅ ਚੜ੍ਹਿਆ ਰਹਿਣਾ। ਫਿਰ ਸੇਵਾ ਵੀ ਐਸੀ ਕੀਤੀ ਕਿ ਅੰਦਰ ਹਉਮੈ ਨੇੜੇ ਵੀ ਨਹੀਂ ਆਉਣ ਦਿੱਤੀ। ਹਰ ਸਮੇਂ ਨਿਮਰਤਾ ਵਿੱਚ, ਨਿਰਮਲ ਭੈਅ ਵਿੱਚ ਰਹਿ ਕੇ ਸਤਿਗੁਰੂ ਜੀ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸੇਵਾ ਕੀਤੀ ਹਨ। ਇਹ ਸੇਵਾ ਕਿੰਨਾ ਸਮਾਂ ਕੀਤੀ, ਕੋਈ ਸਾਲ-ਦੋ ਸਾਲ ਦੀ ਗੱਲ ਨਹੀਂ, ਤਕਰੀਬਨ 40 ਸਾਲ। ਸਰੀਰ ਵੀ ਬਿਰਧ ਹੋ ਗਿਆ ਪਰ ਅੰਦਰੋਂ ਸੇਵਾ ਦਾ ਚਾਅ ਖਤਮ ਨਾ ਹੋਇਆ ਤੇ ਨਾ ਹੀ ਸੇਵਾ ਦੀ ਮਰਿਆਦਾ ਵਿੱਚ ਕੋਈ ਫਰਕ ਆਉਣ ਦਿੱਤਾ। ਜਿਵੇਂ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ:

***ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ॥*** ***(ਅੰਗ ੧੪੧੮)***

ਸਰੀਰਕ ਪੱਖੋਂ ਭਾਵੇਂ ਉਮਰ ਵਡੇਰੀ ਹੋ ਗਈ ਸੀ। ਸਰੀਰਕ ਪੱਖੋਂ ਭਾਵੇਂ ਸਰੀਰ ਬਿਰਧ ਹੋਣ ਕਰਕੇ ਸਾਥ ਨਹੀਂ ਦੇ ਰਿਹਾ ਸੀ ਪਰ ਅੰਦਰ ਕੈਸਾ ਵਲਵਲਾ ਹੈ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ ਦਿਨ ਵਿੱਚ 13 ਵਾਰੀ ਹਾਜ਼ਰ ਹੋਣਾ ਤੇ ਹਰ ਸਮੇਂ ਤਿਆਰ-ਬਰ-ਤਿਆਰ। ਇੰਝ ਕਹਿ ਲਈਏ ਧੰਨ ਬਾਬਾ ਕੁੰਦਨ ਸਿੰਘ ਜੀ ਸੇਵਾ ਦੀ ਮੂਰਤ ਬਣ ਗਏ। ਸੇਵਾ ਦੇ ਪੁੰਜ ਹੀ ਬਣ ਗਏ। ਸੇਵਾ ਦਾ ਸਰੂਪ ਹੀ ਬਣ ਗਏ। ਇੰਨਾ ਪਿਆਰ ਸਤਿਗੁਰੂ ਜੀ ਦੇ ਚਰਨਾਂ ਨਾਲ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਭੋਗ ਲਈ ਪਰਸ਼ਾਦੇ ਦਾ ਥਾਲ ਬੜੀ ਮਰਿਆਦਾ ਤੇ ਸੁੱਚਮਤਾ ਨਾਲ ਤਿਆਰ ਕਰਨਾ ਤੇ ਫਿਰ ਥਾਲ ਲੈ ਕੇ ਸੇਵਾ ਵਿੱਚ ਹਾਜ਼ਰ ਹੋਣਾ। ਪ੍ਰਤੱਖ ਹਾਜ਼ਰ-ਨਾਜ਼ਰ ਜਾਣ ਕੇ ਸੇਵਾ ਕਰਨੀ। ਅਜਿਹੀ ਸੇਵਾ ਵਿਰਲਿਆਂ ਦੇ ਹਿੱਸੇ ਹੀ ਆਉਂਦੀ ਹੈ। ਇੰਨੀ ਘਾਲਣਾ ਘਾਲਣ ਤੋਂ ਬਾਅਦ ਵੀ ਧੰਨ ਬਾਬਾ ਕੁੰਦਨ ਸਿੰਘ ਜੀ ਨੇ ਕਦੀ ਆਪਣੇ ਆਪ ਨੂੰ ਜਣਾਇਆ ਨਹੀਂ। ਸੰਗਤ ਨੂੰ ਪਹਿਲ ਦੇਣੀ। ਸੰਗਤ ਦਾ ਦਰਜਾ ਉੱਤੇ ਰੱਖਣਾ। ਇੱਥੋਂ ਤੱਕ ਕਿ ਧੰਨ ਬਾਬਾ ਕੁੰਦਨ ਸਿੰਘ ਜੀ ਦੇ ਜੀਵਨ ਵਿੱਚੋਂ ਇਹੋ ਜਿਹੀ ਖੁਸ਼ਬੂ ਆਉਂਦੀ ਹੈ ਕਿ ਬਿਹੰਗਮਾਂ ਨੂੰ ਆਪਣੇ ਹੱਥੀਂ ਲੰਗਰ ਛਕਾਉਣਾ ਤੇ ਫਿਰ ਉਨ੍ਹਾਂ ਦੇ ਜੂਠੇ ਬਰਤਨ ਵੀ ਆਪ ਮਾਂਜਣੇ। ਇੰਨੀ ਹਿਰਦੇ ਦੀ ਗਰੀਬੀ, ਇੰਨੀ ਹਿਰਦੇ ਅੰਦਰ ਨਿਮਰਤਾ।

2025 ਵਿੱਚ ਮਈ-ਜੂਨ ਮਹੀਨੇ ਧੰਨ ਬਾਬਾ ਕੁੰਦਨ ਸਿੰਘ ਜੀ ਦਾ 100 ਸਾਲਾ ਪਾਵਨ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਬਾਬਾ ਜੀ ਦੇ ਜੀਵਨ ਵਿੱਚੋਂ ਸੇਧ ਲੈਂਦਿਆਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿਰਪਾ ਕਰੋ, ਸਾਡੇ ਜੀਵਨ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਪਛਾਣਨ ਦੀ ਦਾਤ ਝੋਲੀ ਪੈ ਜਾਵੇ। ਸਾਡੇ ਅੰਦਰ ਵੀ ਗੁਰਸਿੱਖੀ ਅਮਲੀ ਤੌਰ ਤੇ ਜੀਵਨ ਵਿੱਚ ਆ ਜਾਵੇ। ਸਾਡੇ ਅੰਦਰ ਵੀ ਵਿਕਾਰਾਂ, ਤ੍ਰਿਸ਼ਨਾਵਾਂ, ਵਖਰੇਵਿਆਂ ਵਰਗੇ ਕੋਹੜ ਨੂੰ ਦੂਰ ਕਰਦਿਆਂ ਸਰਬ ਸਾਂਝੀਵਾਲਤਾ ਦੀ ਭਾਵਨਾ ਤੇ ਹਰ ਸਮੇਂ ਸਿਮਰਨ ਦੀ ਰੌਅ ਵਰਗੇ ਗੁਣਾਂ ਦਾ ਸੰਚਾਰ ਹੋ ਜਾਵੇ। ਗੁਰੂ ਸਾਹਿਬ ਕਿਰਪਾ ਕਰਨ। ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦੇ 100 ਸਾਲਾ ਪਾਵਨ ਜਨਮ ਸ਼ਤਾਬਦੀ ਦੀ ਸਮੂਹ ਸੰਗਤਾਂ ਨੂੰ ਬਹੁਤ ਬਹੁਤ ਮੁਬਾਰਕਾਂ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

# ਧੰਨ ਧੰਨ ਬਾਬਾ ਕੁੰਦਨ ਸਿੰਘ ਜੀ (ਨਾਨਕਸਰ ਕਲੇਰਾਂ ਵਾਲੇ) ਮਹਾਂਪੁਰਸ਼ਾਂ ਦੇ ਗੁਣਾਂ ਦੀ ਸਾਂਝ

*—ਜਸਵਿੰਦਰ ਸਿੰਘ (ਪਟਿਆਲਾ)*

*ਭੈਰਉ ਮਹਲਾ ੫ ॥*
*ਪ੍ਰਥਮੇ ਛੋਡੀ ਪਰਾਈ ਨਿੰਦਾ ॥*
*ਉਤਰਿ ਗਈ ਸਭ ਮਨ ਕੀ ਚਿੰਦਾ ॥*
*ਲੋਭੁ ਮੋਹੁ ਸਭੁ ਕੀਨੋ ਦੂਰਿ ॥*
*ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥*
*ਐਸੋ ਤਿਆਗੀ ਵਿਰਲਾ ਕੋਇ ॥*
*ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥*
*ਅਹੰਬੁਧਿ ਕਾ ਛੋਡਿਆ ਸੰਗੁ ॥*
*ਕਾਮ ਕ੍ਰੋਧ ਕਾ ਉਤਰਿਆ ਰੰਗੁ ॥*
*ਨਾਮ ਧਿਆਏ ਹਰਿ ਹਰਿ ਹਰੇ ॥*
*ਸਾਧ ਜਨਾ ਕੈ ਸੰਗਿ ਨਿਸਤਰੇ ॥੨॥*
*ਬੈਰੀ ਮੀਤ ਹੋਏ ਸੰਮਾਨ ॥*
*ਸਰਬ ਮਹਿ ਪੂਰਨ ਭਗਵਾਨ ॥*
*ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥*
*ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥*
*ਕਰਿ ਕਿਰਪਾ ਜਿਸੁ ਰਾਖੈ ਆਪਿ ॥*
*ਸੋਈ ਭਗਤੁ ਜਪੈ ਨਾਮ ਜਾਪ ॥*
*ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥*
*ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥*
*(ਅੰਗ ੧੧੪੭)*

ਮਹਾਂਪੁਰਸ਼ ਬਾਬਾ ਕੁੰਦਨ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ 100 ਸਾਲਾ ਜਨਮ ਸ਼ਤਾਬਦੀ ਆ ਰਹੀ ਹੈ। ਬਾਬਾ ਜੀ ਦਾ ਜੀਵਨ ਦੇਖੀਏ ਤੇ ਹਰ ਸਮੇਂ ਪ੍ਰੇਮ ਭਗਤੀ ਦਾ ਰੰਗ, ਮਰਿਆਦਾ ਦਾ ਰੰਗ। ਨਿੰਦਿਆ, ਦਵੈਸ਼, ਵੈਰ-ਵਿਰੋਧ ਕਿਤੇ ਹੈ ਹੀ ਨਹੀਂ। ਮਹਾਂਪੁਰਸ਼ਾਂ ਦਾ ਜੀਵਨ ਪੜ੍ਹ ਕੇ, ਮਹਾਂਪੁਰਸ਼ਾਂ ਦਾ ਜੀਵਨ ਸੁਣ ਕੇ ਆਪਣੇ ਅੰਦਰ ਝਾਤੀ ਮਾਰੀਏ। ਬਹੁਤ ਲੋੜ ਹੈ। ਅੱਜ ਸਮਾਂ ਕੈਸਾ ਚੱਲ ਰਿਹਾ ਹੈ। ਮੁਹੱਲਿਆਂ ਦੇ ਮੁਹੱਲੇ ਇਸ ਨਿੰਦਿਆ ਦੇ ਨਰਕ ਨਾਲ ਭਰੇ ਪਏ ਹਨ। ਨਿੰਦਿਆ, ਨਿੰਦਿਆ। ਹਰ ਪਾਸੇ ਨਿੰਦਿਆ ਹੀ ਨਿੰਦਿਆ। ਜੇ ਸੰਗਤ ਵਿੱਚ ਆਉਂਦੇ ਹੋ ਤੇ ਗੁਰੂ ਦੀ ਕਿਰਪਾ ਨਾਲ ਬੱਝੇ ਹੋਏ ਹੋ। ਨਹੀਂ ਤਾਂ ਅੱਜ ਹਾਲ ਇਹ ਹੋ ਗਿਆ ਹੈ ਕਿ ਕਲੋਨੀਆਂ ਵਿੱਚ, ਮੁਹੱਲਿਆਂ ਵਿੱਚ ਟੋਲਾ ਬਣਨ ਦੀ ਦੇਰ ਨਹੀਂ, ਇੱਕ ਮਿੰਟ ਬਾਅਦ ਨਿੰਦਿਆ ਸ਼ੁਰੂ। ਸੱਸ ਵੱਲੋਂ ਨੂੰਹ ਦੀ, ਨੂੰਹ ਵੱਲੋਂ ਸੱਸ ਦੀ। ਮੁਹੱਲਿਆਂ ਦੇ ਮੁਹੱਲੇ ਇਸ ਨਿੰਦਿਆ ਦੇ ਨਰਕ ਨਾਲ ਭਰੇ ਹਨ। ਬਾਬਾ ਕੁੰਦਨ ਸਿੰਘ ਜੀ 100 ਸਾਲਾ ਜਨਮ ਸ਼ਤਾਬਦੀ ਆ ਰਹੀ ਹੈ, ਉਨ੍ਹਾਂ ਨੂੰ ਕਿਉਂ ਕਹਿੰਦੇ ਹਨ:

*ਐਸੋ ਤਿਆਗੀ ਵਿਰਲਾ ਕੋਇ ॥*
*ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥*
*(ਅੰਗ ੧੧੪੭)*

ਇੱਧਰ ਮੁਹੱਲਿਆਂ ਦੇ ਮੁਹੱਲੇ ਨਿੰਦਿਆ ਨਾਲ

ਭਰੇ ਪਏ ਹਨ ਤੇ ਦੂਜੇ ਪਾਸੇ ਦੇਖੋ ਜਿਹੜੇ ਮਹਾਂਪੁਰਸ਼ ਆਪਣਾ ਆਪ ਗੁਰੂ ਸਾਹਿਬ ਜੀ ਨੂੰ ਸਮਰਪਿਤ ਕਰ ਦਿੱਤਾ, ਇਹ ਨਿੰਦਿਆ ਉਸ ਦੇ ਨੇੜੇ ਵੀ ਨਹੀਂ ਆਉਂਦੀ।

***ਪ੍ਰਥਮੇ ਛੋਡੀ ਪਰਾਈ ਨਿੰਦਾ॥***
***ਉਤਰਿ ਗਈ ਸਭ ਮਨ ਕੀ ਚਿੰਦਾ॥***
***(ਅੰਗ ੧੧੪੭)***

ਇਹ ਸੱਚਾਈ ਹੈ। ਕੋਈ ਆ ਕੇ ਬਾਬਾ ਕੁੰਦਨ ਸਿੰਘ ਜੀ ਨੂੰ ਕਹਿ ਵੀ ਦਿੰਦਾ ਸੀ, ਬਾਬਾ ਜੀ, ਫਲਾਣੇ ਦੀਵਾਨ ਵਿੱਚ ਤੁਹਾਡੇ ਬਾਰੇ ਕਿਸੇ ਨੇ ਇੰਝ ਬੋਲਿਆ ਹੈ। ਫਲਾਣਾ ਤੁਹਾਡੀ ਨਿੰਦਿਆ ਕਰਦਾ ਹੈ ਤੇ ਬਾਬਾ ਜੀ ਦਾ ਅੱਗੋਂ ਜਵਾਬ ਹੁੰਦਾ ਸੀ, ਸਾਨੂੰ ਸਾਡੇ ਮੁਰਸ਼ਦ ਨੇ ਗੰਦਗੀ ਫਰੋਲਣੀ ਨਹੀਂ ਸਿਖਾਈ, ਗੰਦਗੀ ਤੇ ਮਿੱਟੀ ਪਾਉਣੀ ਸਿਖਾਈ ਹੈ।

***ਪ੍ਰਥਮੇ ਛੋਡੀ ਪਰਾਈ ਨਿੰਦਾ॥***
***ਉਤਰਿ ਗਈ ਸਭ ਮਨ ਕੀ ਚਿੰਦਾ॥***
***(ਅੰਗ ੧੧੪੭)***

ਮਹਾਂਪੁਰਸ਼ ਕੌਣ ਸਨ, ਬਾਬਾ ਕੁੰਦਨ ਸਿੰਘ ਜੀ।

***ਲੋਭੁ ਮੋਹੁ ਸਭੁ ਕੀਨੋ ਦੂਰਿ॥***
***ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥***
***ਐਸੋ ਤਿਆਗੀ ਵਿਰਲਾ ਕੋਇ॥***
***ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ ਰਹਾਉ॥***
***ਅਹੰਬੁਧਿ ਕਾ ਛੋਡਿਆ ਸੰਗੁ॥***
***ਕਾਮ ਕ੍ਰੋਧ ਕਾ ਉਤਰਿਆ ਰੰਗੁ॥***
***(ਅੰਗ ੧੧੪੭)***

ਸਭ ਤੋਂ ਵੱਡਾ ਰੋਗ, ਹਉਮੈ ਦਾ।

ਅੱਖੀਂ ਗੱਲ ਇਹ ਵੇਖੀ, ਅੰਮ੍ਰਿਤਸਰ ਸਾਡੀ ਕਲੋਨੀ ਵਿੱਚ ਆਏ, ਬਾਬਾ ਕੁੰਦਨ ਸਿੰਘ ਜੀ। ਸਾਡੇ ਘਰ ਦੇ ਸਾਹਮਣੇ ਮਾਤਾ ਗਿਆਨ ਕੌਰ ਜੀ ਦਾ ਘਰ ਸੀ। ਉਨ੍ਹਾਂ ਦੇ ਘਰ ਮਹਾਂਪੁਰਸ਼ਾਂ ਨੇ ਕ੍ਰਿਪਾ ਕੀਤੀ ਆਉਣਾ ਕੀਤਾ। ਦਾਸ ਨੇ ਵੀ ਬਾਬਾ ਜੀ ਨੂੰ ਬੇਨਤੀ ਹੀ ਕਰਨੀ ਕਿ ਸਾਡੇ ਘਰ ਚਰਨ ਪਾਓ ਪਰ ਬਾਬਾ ਜੀ ਦੀ ਮੌਜ ਹੁੰਦੀ ਸੀ, ਆਪਣੇ ਵੱਲੋਂ ਬੇਨਤੀ ਕਰੀਦੀ ਸੀ ਕਿ ਬਾਬਾ ਜੀ ਇੱਧਰ ਵੀ ਚਰਨ ਪਾ ਦੇਣ। ਨਹੀਂ ਆਉਂਦੇ ਸਨ ਤੇ ਮਨ ਨੂੰ ਨਹੀਂ ਸੀ ਲਗਾਈਦਾ, ਕਿਉਂਕਿ ਇੱਕ ਤਾਂ ਮਹਾਂਪੁਰਸ਼ਾਂ ਦੀ ਮੌਜ ਹੁੰਦੀ ਹੈ ਤੇ ਦੂਜਾ ਨਾਨਕਸਰ ਸੇਵਾ ਤੇ ਸਮੇਂ ਸਿਰ ਪਹੁੰਚਣ ਕਰਕੇ ਮਹਾਂਪੁਰਸ਼ਾਂ ਕੋਲ ਸਮਾਂ ਵੀ ਪੂਰਾ ਪੂਰਾ ਹੀ ਹੁੰਦਾ ਸੀ। ਇਸ ਕਰਕੇ ਫਿਰ ਉੱਥੇ ਹੀ ਚਲੇ ਜਾਈਦਾ ਸੀ ਜਿੱਥੇ ਬਾਬਾ ਜੀ ਆਏ ਹੋਣ। ਇਹ ਅੱਖੀਂ ਵੇਖਿਆ ਹੈ। ਜਦੋਂ ਬਾਬਾ ਜੀ ਨੇ ਵਾਪਸੀ ਕਰਨੀ ਤੇ ਕਾਰ ਦੇ ਆਲੇ-ਦੁਆਲੇ 500 ਬੰਦਾ ਖੜ੍ਹਾ ਹੋ ਜਾਣਾ। ਹਰ ਕਿਸੇ ਨੂੰ ਹੁੰਦਾ ਸੀ, ਬਾਬਾ ਕੁੰਦਨ ਸਿੰਘ ਜੀ ਆਏ ਹਨ, ਦਰਸ਼ਨ ਹੋ ਜਾਣ ਕਿਉਂਕਿ ਹਰ ਕਿਸੇ ਨੂੰ ਦਰਸ਼ਨਾਂ ਦੀ ਇੱਛਾ ਹੁੰਦੀ ਸੀ।

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਦਾਸ ਸੱਚਾਈ ਦੱਸ ਰਿਹਾ ਹੈ। ਬਾਬਾ ਜੀ ਕਾਰ ਵਿੱਚ ਬੈਠ ਗਏ ਹਨ, ਬਿਹੰਗਮ ਵੀ ਬੈਠ ਗਏ ਹਨ, ਕਾਫੀ ਬੰਦੇ ਕਾਰ ਦੇ ਆਲੇ-ਦੁਆਲੇ ਹੋਣ ਤੇ ਕਈ ਵਾਰ ਕੋਈ ਪਤਾ ਨਹੀਂ ਲੱਗਦਾ, ਕਿਸ ਵੇਲੇ ਕਿਸ ਵੱਲੋਂ ਕਾਰ ਦੀ ਬਾਰੀ ਬੰਦ ਕਰ ਦਿੱਤੀ ਜਾਂਦੀ ਹੈ। ਇੱਥੇ ਵੀ ਇਸੇ ਤਰ੍ਹਾਂ ਹੋਇਆ। ਬਾਬਾ ਜੀ ਕਾਰ ਵਿੱਚ ਬੈਠੇ ਤੇ ਉਸ ਸਮੇਂ ਕਾਰ ਦੇ ਆਲੇ ਦੁਆਲੇ ਬਹੁਤ ਸੰਗਤ ਸੀ ਤੇ ਕਿਸੇ ਨੇ ਕਾਰ ਦੀ ਬਾਰੀ ਬੰਦ ਕੀਤੀ ਤੇ ਬਾਬਾ ਜੀ ਦੀ ਉਂਗਲ ਬਾਰੀ ਵਿੱਚ ਆ ਗਈ। ਲਹੂ ਵੀ ਵਗਣ ਲੱਗ ਗਿਆ। ਦਾਸ ਹੈਰਾਨ ਹੋ ਗਿਆ, ਤਿਲ ਜਿੰਨਾ ਗੁੱਸਾ ਨਹੀਂ। ਮੁੱਖ ਤੋਂ ਇਹ ਨਹੀਂ ਕਿਹਾ ਕਿ ਕਿਸ ਨੇ ਬਾਰੀ ਬੰਦ ਕੀਤੀ ਹੈ। ਤਿਲ ਜਿੰਨੀ ਵੀ ਸੀ ਨਹੀਂ ਕੀਤੀ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਸੱਚਾਈ ਵੇਖੀ। ਇੰਨਾ ਇਕੱਠ ਸੀ, ਸੰਗਤ ਦਾ,

ਇੰਨਾ ਧੱਕਾ ਸੀ, ਕਈ ਸਕਿੰਟ ਉਂਗਲ ਬਾਰੀ ਵਿੱਚ ਇਸ ਤਰ੍ਹਾਂ ਹੀ ਰਹੀ। ਬਾਅਦ ਵਿੱਚ ਦੇਖਿਆ ਕਿ ਬਾਬਾ ਜੀ ਦੀ ਉਂਗਲ ਵਿੱਚ ਆ ਗਈ ਹੈ ਤੇ ਫਿਰ ਕਾਰ ਦੀ ਬਾਰੀ ਦੁਬਾਰਾ ਖੋਲ੍ਹੀ ਪਰ ਤਿਲ ਜਿੰਨੀ ਸੀ ਨਹੀਂ, ਤਿਲ ਜਿੰਨਾ ਗੁੱਸਾ ਨਹੀਂ। ਕਿੰਨਾ ਸਹਿਜ ਹੈ।

***ਅਹੰਬੁਧਿ ਕਾ ਛੋਡਿਆ ਸੰਗੁ ॥***
***ਕਾਮ ਕ੍ਰੋਧ ਕਾ ਉਤਰਿਆ ਰੰਗੁ ॥***

***(ਅੰਗ ੧੧੪੭)***

ਕ੍ਰੋਧ ਹੈ ਹੀ ਨਹੀਂ।

***ਨਾਮ ਧਿਆਏ ਹਰਿ ਹਰਿ ਹਰੇ ॥***
***ਸਾਧ ਜਨਾ ਕੈ ਸੰਗਿ ਨਿਸਤਰੇ ॥੨॥***
***ਬੈਰੀ ਮੀਤ ਹੋਏ ਸੰਮਾਨ ॥***
***ਸਰਬ ਮਹਿ ਪੂਰਨ ਭਗਵਾਨ ॥***
***ਪ੍ਰਭ ਕੀ ਆਗਿਆ***
***ਮਾਨਿ ਸੁਖੁ ਪਾਇਆ ॥***
***ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥***
***ਕਰਿ ਕਿਰਪਾ ਜਿਸੁ ਰਾਖੈ ਆਪਿ ॥***
***ਸੋਈ ਭਗਤੁ ਜਪੈ ਨਾਮ ਜਾਪ ॥***
***ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥***
***ਕਹੁ ਨਾਨਕ ਤਾ ਕੀ***
***ਪੂਰੀ ਪਈ ॥੪॥੨੭॥੪੦॥***

***(ਅੰਗ ੧੧੪੭)***

ਜਿੰਨਾ ਵੀ ਅਸੀਂ ਨਾਮ ਜਪਦੇ ਹਾਂ ਸਿਰਫ ਮਾਰ ਉੱਥੇ ਹੀ ਖਾਈ ਜਾਂਦੇ ਹਾਂ, ਜਦੋਂ ਸਾਨੂੰ ਜਪਿਆ ਹੋਇਆ ਨਾਮ ਸੰਭਾਲਣਾ ਨਹੀਂ ਆਉਂਦਾ। ਬਾਬਾ ਜੀ ਦੇ ਜੀਵਨ ਵਿੱਚੋਂ ਇਹ ਗੁਣ ਲੈਣਾ। ਪਹਿਲਾ ਇਹ ਕਿ ਤੁਸੀਂ ਅਹੁਦੇ ਵੱਲੋਂ, ਮਾਇਆ ਵੱਲੋਂ, ਸੁੰਦਰਤਾ ਵੱਲੋਂ, ਕੀਰਤਨੀਏ, ਕਥਾਵਾਚਕ ਵੱਲੋਂ ਜਿੱਥੇ ਵੀ ਪਹੁੰਚੇ ਹੋਵੋ, ਪਰ ਨਾਲ ਨਾਲ ਬਾਬਾ ਕੁੰਦਨ ਸਿੰਘ ਜੀ ਵਰਗੀ ਸੇਵਾਦਾਰੀ ਵੀ ਨਿਭਾਉਣਾ। ਗੁਣ ਦਾ ਹੀ ਸੰਗ ਲੈ ਲੈਣਾ। ਹੋ ਸਕਦਾ ਹੈ ਕਿ ਅਗਲਾ ਜਨਮ ਕੋਈ ਸੰਤ ਸੇਵੀ ਘਰ ਮਿਲ ਜਾਵੇ। ਇਹ ਅੱਖੀਂ ਵੇਖੀ ਸੱਚਾਈ ਦਾਸ ਦੱਸ ਰਿਹਾ ਹੈ। ਇੱਕ ਹੁੰਦਾ ਹੈ, ਈਮੋਸ਼ਨਲ ਹੋ ਕੇ ਕੋਈ ਗੱਲ ਕਹਿਣੀ ਪਰ ਇਹ ਸੱਚਾਈ ਹੈ। ਬਾਬਾ ਜੀ ਆਪ ਬਿਹੰਗਮਾਂ ਲਈ ਜਲੇਬੀਆਂ, ਦਾਲ, ਲੰਗਰ ਤੇ ਹੋਰ ਵਧੀਆ ਪਦਾਰਥ ਬਣਾਉਂਦੇ ਸਨ।

***ਤੇਰੀ ਨਾਮ ਦੀ ਕਮਾਈ ਸੰਭਾਲੀ ਜਾਵੇ ਸੰਗਤੇ,***
***ਸੰਗ ਕਰ ਲੈ ਪਿਆਰਿਆਂ ਦਾ।***

***(ਧਾਰਨਾ)***



**ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਕਾਰ ਸੇਵਾ ਦਾ ਬਾਟਾ ਆਪਣੇ ਸੀਸ 'ਤੇ ਚੁੱਕ ਕੇ ਸੇਵਾ ਕਰਦੇ ਹੋਏ।**

ਦੂਜਾ, ਸੱਚਾਈ ਦੱਸ ਰਿਹਾ ਹਾਂ, ਕੋਈ ਕਾਰ ਸੇਵਾ ਝੋਲੀ ਵਿੱਚ ਪੈਂਦੀ ਸੀ, ਬਾਬਾ ਕੁੰਦਨ ਸਿੰਘ ਜੀ ਸੇਵਾ ਦਾ ਬਾਟਾ ਆਪ ਚੁੱਕਦੇ ਸੀ। ਦਾਸ ਦੀ ਉਮਰ ਵੀ ਕਾਫੀ ਹੋ ਗਈ ਹੈ ਪਰ ਜਿਹੜੇ ਦਾਸ ਤੋਂ ਵੱਡੀ ਉਮਰ ਦੇ ਹਨ, ਉਨ੍ਹਾਂ ਨੇ ਅੱਖੀਂ ਵੇਖਿਆ ਹੈ, ਜਦੋਂ ਗੁ: ਤਰਨ ਤਾਰਨ ਸਾਹਿਬ ਕਾਰ ਸੇਵਾ ਚੱਲੀ ਪਰਕਰਮਾ ਦੀ, ਜਿੰਨੀ ਡਿਊਟੀ ਬਾਬਾ ਜੀ ਦੀ ਲੱਗੀ, ਗੁ: ਤਰਨ ਤਾਰਨ ਸਾਹਿਬ ਵਿਖੇ ਕਾਰ ਸੇਵਾ ਦੇ ਬਾਟੇ ਬਾਬਾ ਕੁੰਦਨ ਸਿੰਘ ਜੀ ਨੇ ਆਪਣੇ ਸੀਸ 'ਤੇ ਚੁੱਕੇ ਸਨ।

***ਤੇਰੀ ਨਾਮ ਦੀ ਕਮਾਈ ਸੰਭਾਲੀ ਜਾਵੇ ਸੰਗਤੇ,***
***ਸੰਗ ਕਰ ਲੈ ਪਿਆਰਿਆਂ ਦਾ।***

*(ਧਾਰਨਾ)*

ਤੀਜਾ ਸੁਭਾਅ ਬਾਬਾ ਜੀ ਦਾ, ਜਦੋਂ ਦੁਪਹਿਰ ਵੇਲੇ ਸਾਰੇ ਬਿਹੰਗਮ ਆਪਣੇ ਆਪਣੇ ਕਮਰਿਆਂ ਵਿੱਚ ਅਰਾਮ ਵਿੱਚ ਹੁੰਦੇ ਸਨ ਤੇ ਬਾਬਾ ਕੁੰਦਨ ਸਿੰਘ ਜੀ ਮੂੰਹ ਤੇ ਕੱਪੜਾ ਲਪੇਟ ਕੇ, ਬਿਹੰਗਮਾਂ ਦੇ, ਸੇਵਾਦਾਰਾਂ ਦੇ, ਸੰਗਤਾਂ ਦੇ ਜੂਠੇ ਕੌਲੇ ਕੁਝ ਸਮਾਂ ਮਾਂਜ ਕੇ ਫਿਰ ਆਪਣੇ ਕਮਰੇ ਵਿੱਚ ਚਲੇ ਜਾਂਦੇ ਸਨ। ਦਾਸ ਨੇ ਇਹ ਸੇਵਾ ਨੂੰ ਸਮਰਪਿਤ ਵਾਲਾ ਸੁਭਾਅ ਇੱਕ ਵਾਰੀ ਅੱਖੀਂ ਵੇਖਿਆ। ਇਹ ਕੋਈ ਛੋਟੀਆਂ ਗੱਲਾਂ ਨਹੀਂ। ਗੱਦੀਆਂ ਲਗਾਉਣ ਵਾਲੇ ਬਹੁਤ ਮਿਲ ਜਾਣਗੇ। ਪੂਜਾ ਕਰਵਾਉਣ ਵਾਲੇ ਬਹੁਤ ਮਿਲ ਜਾਣਗੇ। ਮੇਰੇ ਨਾਲ ਇੰਨੇ ਬੰਦੇ ਚੱਲਣ, ਇਹ ਬਹੁਤ ਮਿਲ ਜਾਣਗੇ। ਕਮਾਈ ਸਿਰੇ ਦੀ ਹੋਵੇ ਤੇ ਮਨ ਸੇਵਾਦਾਰ ਰਵ੍ਹੇ, ਇਹੋ ਜਿਹੇ ਧੰਨ ਬਾਬਾ ਕੁੰਦਨ ਸਿੰਘ ਜੀ ਵਰਗੇ ਵਿਰਲੇ ਹੀ ਮਿਲਣਗੇ।

***ਤੇਰੀ ਨਾਮ ਦੀ ਕਮਾਈ ਸੰਭਾਲੀ ਜਾਵੇ ਸੰਗਤੇ,***
***ਸੰਗ ਕਰ ਲੈ ਪਿਆਰਿਆਂ ਦਾ।***

*(ਧਾਰਨਾ)*

ਚੌਥੀ ਵੱਡੀ ਗੱਲ ਕੀ ਸੀ? ਬਾਬਾ ਕੁੰਦਨ ਸਿੰਘ ਜੀ ਬਿਹੰਗਮਾਂ ਨੂੰ ਸੰਥਿਆ ਆਪ ਦਿੰਦੇ ਸਨ। ਆਪ ਇਕੱਲੇ ਇਕੱਲੇ ਬਿਹੰਗਮ ਤੋਂ ਸੰਥਿਆ ਸੁਣਨੀ। ਲਗਾਂ ਮਾਤਰਾਵਾਂ, ਸਿਹਾਰੀ-ਬਿਹਾਰੀ ਸਹੀ ਕਰਵਾਉਣੀ। ਇਹ ਸਾਰੇ ਕੀਰਤਨੀਏ ਵੀ ਆਪਣੇ ਜੀਵਨ ਵਿੱਚ ਲਿਆਓ।



**ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਬਿਹੰਗਮਾਂ ਨੂੰ ਗੁਰਬਾਣੀ ਦੀ ਸੰਥਿਆ ਸ਼ੁੱਧ ਕਰਵਾਉਂਦੇ ਹੋਏ।**

ਪੰਜਵੀਂ ਗੱਲ ਬਾਬਾ ਕੁੰਦਨ ਸਿੰਘ ਜੀ ਤਬਲੇ ਦੀ ਵੀ, ਕੀਰਤਨ ਦੀ ਵੀ ਤੇ ਤੰਤੀ ਸਾਜ਼ਾਂ ਦੀ ਵਿਦਿਆ ਵੀ ਬਿਹੰਗਮਾਂ ਨੂੰ ਆਪ ਦਿੰਦੇ ਸਨ। ਇਹ ਸੇਵਾਦਾਰ ਦੀ ਨਿਸ਼ਾਨੀ ਹੈ। ਇਹ ਰੂਹਾਨੀਅਤ ਦਾ ਨਸ਼ਾ ਹੈ। ਅਸੀਂ ਵੀ ਆਪਣੇ ਅੰਦਰ ਲਿਆਈਏ। ਟੀਚਰ ਵੀ ਰੱਖੋ, ਆਪ ਵੀ ਇਹ ਸੇਵਾ ਨਿਭਾਓ। ਟੀਚਰ ਤੇ ਤੁਹਾਡੇ ਵਿੱਚ



**ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਬਿਹੰਗਮਾਂ ਨੂੰ ਕੀਰਤਨ ਦੀ ਸਿਖਲਾਈ ਦਿੰਦੇ ਹੋਏ।**

ਬਹੁਤ ਫਰਕ ਹੈ। ਟੀਚਰ ਵੀ ਚੰਗੇ ਹਨ ਪਰ ਜ਼ਿਆਦਾ ਟੀਚਰਾਂ ਨੇ ਆਪਣੇ ਆਪ ਨੂੰ ਉੱਥੋਂ ਤੱਕ ਰੱਖਣਾ ਹੈ ਜਿੱਥੋਂ ਤੱਕ ਉਨ੍ਹਾਂ ਦੀ ਡਿਊਟੀ ਹੈ ਪਰ ਬਾਬਾ ਕੁੰਦਨ ਸਿੰਘ ਜੀ ਵਰਗੇ ਮਹਾਂਪੁਰਸ਼ ਕੀਰਤਨ ਸਿਖਾ ਰਹੇ ਹੋਣ ਤੇ ਲੱਖ ਛੁਪਾ ਲੈਣ, ਕੁਝ ਕਮਾਈ ਸਿੱਖਣ ਵਾਲੇ ਦੀ ਝੋਲੀ ਵਿੱਚ ਪੈ ਹੀ ਜਾਣੀ ਹੈ। ਇਹ ਸੇਵਾਦਾਰੀ ਸੀ। ਪਾਠੀਆਂ ਨੂੰ ਲੰਗਰ ਆਪ ਛਕਾਉਣਾ। ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ, ਕੀਰਤਨ ਦੀ ਸਿਖਲਾਈ, ਜੋੜੀ ਦੀ ਸਿਖਲਾਈ ਆਪ ਦੇਣੀ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਤੱਖ ਜਾਣ ਕੇ ਸੇਵਾ ਕਿਵੇਂ ਕਰਨੀ ਹੈ ਇਹ ਸਾਰੇ ਦੇ ਸਾਰੇ ਗੁਣਾਂ ਵਿੱਚ ਭਰਪੂਰ ਧੰਨ ਬਾਬਾ ਕੁੰਦਨ ਸਿੰਘ ਜੀ ਨੇ ਕਾਰ ਸੇਵਾ ਦੇ ਬਾਟੇ ਆਪ ਚੁੱਕਣੇ। ਸੰਗਤਾਂ ਦੇ ਜੂਠੇ ਕੌਲੇ ਆਪ ਮਾਂਜਣੇ। ਗੁਰੂ ਸਾਹਿਬ ਦੀ ਕਿਰਪਾ ਨਾਲ ਇਹ ਕੁਝ ਗੁਣ ਬਾਬਾ ਜੀ ਦੇ ਜੀਵਨ ਦੇ ਤਾਂ ਸਾਂਝੇ ਕੀਤੇ ਹਨ ਕਿ ਜੇ ਕਮਾਈ ਕਰਦੇ ਹੋ ਤੇ ਕਮਾਈ ਸੰਭਾਲੀ ਵੀ ਤਾਂ ਜਾਵੇਗੀ, ਜੇ ਸਿਰੇ ਤੇ ਪਹੁੰਚ ਕੇ ਵੀ ਬਾਬਾ ਜੀ ਵਰਗੀ ਸੇਵਾਦਾਰੀ ਰਹੇ।

***ਤੇਰੀ ਨਾਮ ਦੀ ਕਮਾਈ ਸੰਭਾਲੀ ਜਾਵੇ ਸੰਗਤੇ,***
***ਸੰਗ ਕਰ ਲੈ ਪਿਆਰਿਆਂ ਦਾ।***

*(ਧਾਰਨਾ)*

ਜਿਵੇਂ ਕਿਸੇ ਕੀਰਤਨੀਏ ਨੂੰ ਕੀਰਤਨ ਕੋਈ ਬੁੱਕ ਕਰਵਾਵੇ ਤੇ ਕੀਰਤਨ ਦੀ ਹਾਜ਼ਰੀ ਲਗਾਉਣ ਜਾਂਦੇ ਹੋ। ਸਮਾਂ ਕੱਢਦੇ ਹੋ। ਇਸ ਤਰ੍ਹਾਂ ਆਪਣੇ ਹੱਥੀਂ ਸੇਵਾ ਨਿਭਾਉਣ ਦਾ ਵੀ ਸਮਾਂ ਕੱਢੋ। ਇਸ ਨਾਲ ਇੱਕ ਜੋਤ ਨਾਲ ਅੱਗੋਂ ਕਈ ਜੋਤਾਂ ਜਗ ਜਾਣਗੀਆਂ। ਇਸ ਵਿੱਚ ਹੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਖੁਸ਼ੀ ਹੈ, ਪ੍ਰਸੰਨਤਾ ਹੈ। ਮੇਰਾ ਸਿੱਖ ਆਪ ਹੱਥੀਂ ਸਿਖਾਉਂਦਾ ਹੈ, ਆਪ ਹੱਥੀਂ ਕਾਰਜ ਕਰਦਾ ਹੈ ਤੇ ਨਾਲ ਅੱਗੇ ਅਸਰ ਵੀ ਹੁੰਦਾ ਹੈ।

***ਤੇਰੀ ਨਾਮ ਦੀ ਕਮਾਈ ਸੰਭਾਲੀ ਜਾਵੇ ਸੰਗਤੇ,***
***ਸੰਗ ਕਰ ਲੈ ਪਿਆਰਿਆਂ ਦਾ।***

*(ਧਾਰਨਾ)*

ਇਹ ਆਮ ਕਹਾਵਤ ਹੈ ਕਿ ਚੂਹਾ ਆਪਣੀ ਪੂਛ ਨਾਲ ਛੱਜ ਬੰਨ ਲਵੇ ਤੇ ਖੁੱਡ ਵਿੱਚ ਨਹੀਂ ਜਾ ਸਕਦਾ। ਖੁੱਡ ਵਿੱਚ ਉਦੋਂ ਹੀ ਜਾ ਸਕਦਾ ਹੈ, ਜਦੋਂ ਛੱਜ ਲਾਹ ਦਿੰਦਾ ਹੈ। ਜਿੰਨੇ ਵੀ ਕੀਰਤਨੀ ਜਥੇ ਹਨ, ਉਹ ਬਾਬਾ ਕੁੰਦਨ ਸਿੰਘ ਜੀ ਦੇ ਜੀਵਨ ਵਿੱਚੋਂ ਨਿਮਰਤਾ ਦਾ ਗੁਣ ਲੈਂਦਿਆਂ ਆਪਣੇ ਅੰਦਰੋਂ ਇਹ ਹਉਮੈ ਦਾ ਛੱਜ ਲਾਹ ਦੇਣ। ਜੇ ਛੱਜ ਬੰਨੀਂ ਰੱਖੋਗੇ, ਮੈਂ ਹਾਂ ਇਹ, ਮੇਰੀ ਇਤਨੀ ਕਮਾਈ, ਮੇਰਾ ਇੰਨਾ ਅਹੁਦਾ ਹੈ, ਮੈਂ ਕੌਲੇ ਮਾਂਜਾਂ। ਇਹ ਹਉਮੈ ਰੂਪੀ ਛੱਜ ਆਤਮ ਰਸ ਤੱਕ ਨਹੀਂ ਪਹੁੰਚਣ ਦੇਵੇਗਾ, ਥੱਲਵੀਂ ਦੁਨੀਆਂ ਵਿੱਚ ਹੀ ਰੱਖੇਗਾ। ਜੇ ਆਤਮ ਰਸੀਆ ਬਣਨਾ ਹੈ, ਬਾਬਾ ਕੁੰਦਨ ਸਿੰਘ ਜੀ ਵਰਗੇ ਵਿਰਲੇ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਆ ਕੇ ਕੁਝ ਨਾ ਕੁਝ ਉਨ੍ਹਾਂ ਦੇ ਜੀਵਨ ਮਾਰਗ ਤੇ ਕਦਮ ਤੋਰਨੇ ਪੈਣਗੇ।

***ਐਸੋ ਤਿਆਗੀ ਵਿਰਲਾ ਕੋਇ ॥***
***ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥***

*(ਅੰਗ ੧੧੪੭)*

ਬਾਬਾ ਕੁੰਦਨ ਸਿੰਘ ਜੀ ਦੀ ਯਾਦ ਵਿੱਚ ਇਹ ਸਮਾਗਮ 100 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਹੈ। ਮਹਾਂਪੁਰਸ਼ਾਂ ਦੇ ਜੀਵਨ ਦੇ ਅੰਸ਼ ਸੁਣਾਉਣ ਦਾ ਮਤਲਬ, ਗੁਣ ਲੈਣੇ। ਬਾਬਾ ਕੁੰਦਨ ਸਿੰਘ ਜੀ ਨਾਨਕਸਰ ਵਾਲੇ ਮਹਾਂਪੁਰਸ਼, ਉਨ੍ਹਾਂ ਦੇ ਬੇਅੰਤ ਗੁਣ ਹਨ। ਉਨ੍ਹਾਂ ਗੁਣਾਂ ਵਿੱਚੋਂ ਕੁਝ ਗੁਣ ਦਾਸ ਸਾਂਝੇ ਕਰੇ। ਪਹਿਲਾ ਗੁਣ- ਅਭੇਦਤਾ। ਕਈ ਜਗ੍ਹਾ ਅਭੇਦਤਾ, ਇਕਮਿਕਤਾ। ਉਨ੍ਹਾਂ ਗੁਣਾਂ ਵਿੱਚੋਂ ਦਾਸ ਬੋਲੇ, ਅੰਤਰਯਾਮਤਾ। ਉਨ੍ਹਾਂ ਗੁਣਾਂ ਵਿੱਚੋਂ ਦਾਸ ਬੋਲੇ, ਕਥਨੀ ਬਿਲਕੁਲ ਨਹੀਂ ਤੇ ਕਰਨੀ ਸਿਰੇ ਦੀ। ਨਿਮਰਤਾ, ਸੰਤੋਖ, ਦਿਆਲਤਾ। ਉਨ੍ਹਾਂ ਦੇ ਗੁਣਾਂ ਵਿੱਚੋਂ ਵਿਸ਼ੇਸ਼ ਗੁਣ- ਨਿੱਤ ਦੀ ਦਾਤ।

40 ਸਾਲ ਲਗਾਤਾਰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪ੍ਰਤੱਖ ਪ੍ਰਗਟ ਗੁਰਾਂ ਦੀ ਦੇਹ ਜਾਣ ਕੇ ਸੇਵਾ ਸੱਚਖੰਡ ਵਿੱਚ ਦਿਨ ਵਿੱਚ 13 ਵਾਰੀ ਸੇਵਾ, ਇੱਕ ਨਾਗਾ ਨਹੀਂ। ਸਾਡੇ ਕੋਲੋਂ ਰਹਿ ਜਾਂਦਾ ਹੈ ਪਰ ਉਨ੍ਹਾਂ ਦਾ ਕੋਈ ਨਾਗਾ ਨਹੀਂ। 40 ਸਾਲਾਂ ਵਿੱਚ ਹਨ੍ਹੇਰੀਆਂ ਵੀ ਆਈਆਂ ਹੋਣਗੀਆਂ, ਬੁਖਾਰ ਵੀ ਆਇਆ ਹੋਵੇਗਾ, ਦਵਾਈਆਂ ਵੀ, ਕਈ ਕੁਝ ਪਰ ਨਾਗਾ ਕੋਈ ਨਹੀਂ। ਕਿਸ ਦਾ ਦਿਲ ਨਹੀਂ ਕਰਦਾ, ਕੈਨੇਡਾ ਜਾਵਾਂ, ਕੋਈ ਕੋਈ ਹੋਵੇਗਾ। ਆਮ ਬੰਦੇ ਦਾ ਦਿਲ ਕਰਦਾ ਹੈ, ਕੈਨੇਡਾ ਜਾਵਾਂ, ਆਸਟਰੇਲੀਆ ਜਾਵਾਂ, ਅਮਰੀਕਾ ਜਾਵਾਂ, ਕਈ ਤਾਂ ਪਰੇਸ਼ਾਨ ਹੋਏ ਪਏ ਹੁੰਦੇ ਹਨ। ਨੇਮ ਵੀ ਕੀਤਾ ਪਰ ਵੀਜ਼ਾ ਨਹੀਂ ਲੱਗਿਆ। ਬੇਨਤੀ ਕਰੀਦੀ ਹੈ, ਛੇ ਮਹੀਨੇ ਹੋਰ ਨੇਮ ਕਰ ਲਓ। ਫਿਰ ਉਹ ਕਹਿੰਦੇ ਹਨ, ਕਿੰਨੇ ਸਾਲ ਤੋਂ ਨੇਮ ਕਰ ਰਹੇ ਹਾਂ ਪਰ ਅੰਦਰ ਕੀੜਾ ਹੈ, ਕੈਨੇਡਾ ਜਾਵਾਂ, ਅਮਰੀਕਾ ਜਾਵਾਂ। ਕਿਸੇ ਗੱਡੀ ਦੇ ਮਗਰ ਲਿਖਿਆ ਸੀ ਦਾਸ ਨੇ ਪੜ੍ਹਿਆ ਸੀ :

***ਜਿਸ ਨੂੰ ਆ ਗਿਆ ਰਹਿਣ ਦਾ ਤਰੀਕਾ,***
***ਉਸ ਦਾ ਪੰਜਾਬ ਵਿੱਚ ਹੀ ਹੈ ਅਮਰੀਕਾ।***

ਡਾਲਰਾਂ ਦੀ ਬਹੁਤੀ ਜ਼ਿੱਦ ਨਾ ਕਰਿਆ ਕਰੋ। ਬੱਚਾ ਭੇਜਣਾ ਹੈ, ਨੇਮ ਵਧਾ ਲਓ, ਅਰਦਾਸ ਕਰ ਲਓ, ਕਾਫੀ ਜ਼ਿਆਦਾ ਅਰਦਾਸਾਂ ਬਾਅਦ ਵੀ ਵੀਜ਼ਾ ਨਹੀਂ ਲੱਗਿਆ ਤੇ ਇਹ ਸਮਝ ਲਿਆ ਕਰੋ ਕਿ ਤੇਰੇ ਵਾਸਤੇ ਖੁਸ਼ੀਆਂ ਬਾਜਾਂ ਵਾਲੇ ਪਿਤਾ ਜੀ ਨੇ ਇੱਥੇ ਹੀ ਰੱਖੀਆਂ ਹੋਈਆਂ ਹਨ। ਇਸ ਨੂੰ ਦੂਜੇ ਰੂਪ ਵਿੱਚ ਨਾ ਲੈਣਾ। ਯਤਨ ਕਰਨਾ ਹੈ, ਕਰੋ ਅਰਦਾਸ ਪਰ ਪਕੜ ਨਹੀਂ ਰੱਖਣੀ।

ਇਹ ਗੱਲ ਦਾਸ ਦੀ ਧਿਆਨ ਨਾਲ ਸੁਣਨਾ। ਆਮ ਦਿਲ ਕਰਦਾ ਵੀ ਹੋਵੇ ਕਿ ਮੈਂ ਜਾਵਾਂ ਕਸ਼ਮੀਰ, ਮੈਂ ਜਾਵਾਂ ਫਲਾਣੇ ਪਹਾੜਾਂ ਤੇ ਪਰ ਜਿਨ੍ਹਾਂ ਨੇ ਦਿਹਾੜੀ ਵਿੱਚ 13 ਵਾਰੀ ਸਤਿਗੁਰਾਂ ਦੀ ਸੇਵਾ ਕਰਨੀ ਹੋਵੇ, ਉਹ ਦਿੱਲੀ ਤੱਕ ਵੀ ਨਹੀਂ ਜਾ ਸਕਦੇ। ਪਹਾੜਾਂ ’ਤੇ ਜਾਣਾ ਤੇ ਕਿਤੇ ਦੂਰ। ਹਰ ਦੋ-ਤਿੰਨ ਘੰਟੇ ਬਾਅਦ ਅਗਲੀ ਸੇਵਾ ਦਾ ਟਾਈਮ। ਇਹ ਵੀ ਬਾਬਾ ਕੁੰਦਨ ਸਿੰਘ ਜੀ ਨੇ ਇੰਨਾ ਮਨ ਮਾਰਿਆ ਕਿ ਬਾਹਰਲੇ ਤੁਰਨ ਫਿਰਨ ਦੇ ਸਾਰੇ ਚਾਅ ਸਾਰੇ ਹੀ ਪਾਸੇ ਰੱਖ ਦਿੱਤੇ, ਹਰ ਪਲ, ਹਰ ਘੜੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸੇਵਾ ਮੁੱਖ ਰੱਖ ਲਈ ਹੈ। ਇਹ ਬੜੀ ਵੱਡੀ ਗੱਲ ਹੈ। ਸਿਰਫ ਅੰਮ੍ਰਿਤਸਰ ਆਉਣਾ, ਫੁੱਲ ਸਪੀਡ ਤੇ ਗੱਡੀਆਂ ਆਉਣੀਆਂ। ਸਿਰਫ 20-25 ਮਿੰਟ ਰੁਕ ਕੇ ਜਿਵੇਂ ਕਿਸੇ ਨੂੰ ਟਾਈਮ ਦਿੱਤਾ ਹੋਣਾ ਤੇ ਫਿਰ ਵਾਪਸੀ ਨਾਨਕਸਰ ਸਤਿਗੁਰਾਂ ਦੀ ਸੇਵਾ ਵਿੱਚ ਪਹੁੰਚਣਾ। ਦੂਰ-ਦੂਰ ਦੇ ਜਿਹੜੇ ਸ਼ਹਿਰ ਹਨ, ਸਾਰਿਆਂ ਦਾ ਹੀ ਤਿਆਗ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਦੇ ਚਾਅ ਵਿੱਚ। ਇਹ ਦਾਸ ਗੁਣ ਦੱਸ ਰਿਹਾ ਹੈ। ਦਾਸ ਅਗਲਾ ਗੁਣ ਦੱਸ ਰਿਹਾ ਹੈ। ਉਸ ਦਾ ਨਾਂ ਹੈ, ਗਰੀਬ ਨਿਵਾਜ।

***ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥***
***ਗਰੀਬ ਨਿਵਾਜੁ ਗੁਸਈਆ ਮੇਰਾ***
***ਮਾਥੈ ਛਤ੍ਰੁ ਧਰੈ ॥੧॥ ਰਹਾਉ ॥***

***(ਅੰਗ ੧੧੦੬)***

ਇਹ ਬੜਾ ਵੱਡਾ ਗੁਣ ਹੈ। ਕਿਸੇ ਕਿਸੇ ਵਿੱਚ ਹੋਵੇਗਾ। ਅਮੀਰਾਂ ਨੂੰ ਹਰ ਕੋਈ ਨਿਵਾਜ ਲੈਂਦਾ ਹੈ ਪਰ ਗਰੀਬ ਨੂੰ ਨਿਵਾਜਣਾ। ਡਰਾਈਵਰ ਹੋਵੇ ਜਾਂ ਕੋਈ ਘਰ ਕੰਮ ਕਰਨ ਵਾਲਾ ਹੋਵੇ, ਉਸ ਨੂੰ ਵੀ ਸਮਾਂ ਦੇਣਾ ਇਹ ਹਨ ਬਾਬਾ ਜੀ ਗਰੀਬ ਨਿਵਾਜ। ਇੱਕ ਟਾਈਮ ਇਹ ਵੀ ਆਇਆ ਬਾਬਾ ਕੁੰਦਨ ਸਿੰਘ ਜੀ ਤੇ, ਗੱਡੀਆਂ ਦੀ ਗਿਣਤੀ ਕੋਈ ਨਹੀਂ। ਇੱਕ ਟਾਈਮ ਉਹ ਵੀ ਸੀ, ਗੱਡੀਆਂ ਸੀਮਤ ਸੀ। ਕੋਈ ਬਿਹੰਗਮ ਜੇ ਕਿਤੇ ਕੀਰਤਨ ਕਰਨ ਗਿਆ ਜਾਂ ਅੰਮ੍ਰਿਤ ਸੰਚਾਰ ਦੀ ਡਿਊਟੀ ਨਿਭਾਉਣ ਵਾਸਤੇ ਗਿਆ ਹੈ ਤੇ ਉਸਨੇ ਗੱਡੀ ਖੜ੍ਹਨੀ ਹੈ। ਕੋਈ ਕਿਧਰੇ ਸਮਾਨ ਲੈਣ ਗਿਆ, ਕੋਈ ਕਾਰ ਸੇਵਾ ਚੱਲ ਰਹੀ

ਹੈ। ਉਹ ਗੱਡੀ ਲੈ ਗਏ।

ਇੱਕ ਦਿਨ ਬਾਬਾ ਕੁੰਦਨ ਸਿੰਘ ਜੀ ਨੇ ਸੰਪਟ ਪਾਠਾਂ ਦੇ ਭੋਗਾਂ ਦੀ ਸਮਾਪਤੀ ਤੇ ਝੋਰੜਾਂ ਜਾਣਾ ਸੀ। ਘੰਟੇ ਕੁ ਦਾ ਰਾਹ ਹੈ। ਬਾਬਾ ਜੀ ਨੇ ਕਿਹਾ, ਗੱਡੀਆਂ ਤਿਆਰ ਕਰੋ, ਝੋਰੜਾਂ ਜਾਣਾ ਹੈ। ਸੇਵਾਦਾਰ ਕਹਿਣ ਲੱਗਾ, ਗੱਡੀਆਂ ਤਾਂ ਸਾਰੀਆਂ ਹੀ ਗਈਆਂ ਹਨ। ਉਦੋਂ ਸੀਮਤ ਗੱਡੀਆਂ ਸਨ। ਬਾਬਾ ਜੀ ਕਹਿੰਦੇ, ਜਗਰਾਓਂ ਤੋਂ ਟੈਕਸੀ ਲੈ ਆਓ। ਟੈਕਸੀ ਮੰਗਵਾ ਲਓ। ਹੁਣ ਆਪਣੀ ਗੱਡੀ ਦਾ ਆਪਣਾ ਹਿਸਾਬ ਹੁੰਦਾ ਹੈ। ਜਦੋਂ ਜਗਰਾਉਂ ਤੋਂ ਟੈਕਸੀ ਆ ਗਈ, ਝੋਰੜਾਂ ਜਾਣਾ ਹੈ ਤੇ ਬਾਬਾ ਜੀ ਬਾਹਰ ਆਏ, ਟੈਕਸੀ ਵਾਲਿਆਂ ਦਾ ਹਿਸਾਬ ਕਿਤਾਬ ਲਿਮਟਿਡ ਹੁੰਦਾ ਹੈ। ਚਾਰ ਜਾਂ ਪੰਜ ਜਾਣੇ ਬਿਠਾਉਣੇ ਹਨ। ਹੁਣ ਬਾਬਾ ਜੀ ਦਾ ਕੰਮ ਖੁੱਲ੍ਹਾ ਹੀ ਸੀ। ਦੋ ਬਿਹੰਗਮ ਅੱਗੇ ਡਰਾਈਵਰ ਨਾਲ ਬੈਠ ਗਏ। ਬਾਬਾ ਜੀ ਨਾਲ ਚਾਰ-ਪੰਜ ਵਿਚਲੀ ਸੀਟ ਵਿੱਚ ਹੀ ਵੜ ਗਏ। ਕੋਈ ਪੱਟ ਤੇ, ਕੋਈ ਝੋਲੀ ਤੇ ਕਿਉਂਕਿ ਬਾਬਾ ਕੁੰਦਨ ਸਿੰਘ ਜੀ ਵਿੱਚ ਸਿਰੇ ਦੀ ਗਰੀਬੀ ਤੇ ਨਿਮਰਤਾ ਸੀ। ਦੋ-ਤਿੰਨ ਬਿਹੰਗਮ ਮਗਰ। ਉਹ ਡਰਾਈਵਰ ਸੋਚੇ, ਮੈਂ ਕਿੱਧਰ ਆ ਗਿਆ ਹਾਂ। ਮੈਨੂੰ ਪੁੱਛਿਆ ਹੀ ਨਹੀਂ ਕਿ ਕਿੰਨੇ ਬਿਠਾਉਣੇ ਹਨ। ਉਹ ਬੋਲ ਵੀ ਨਾ ਸਕਿਆ ਤੇ ਗੱਡੀ ਕੀਤੀ ਸਟਾਰਟ। ਤੋਰ ਦਿੱਤੀ ਝੋਰੜਾਂ ਵੱਲ। ਹੁਣ ਵਿਚਲੀ ਸੀਟ ਤੇ ਮੈਂਬਰ ਜ਼ਿਆਦਾ ਬੈਠੇ ਹੋਣ ਤੇ ਕੁਦਰਤੀ ਬਾਬਾ ਜੀ ਦੀ ਕੂਹਣੀ ਡਰਾਈਵਰ ਦੀ ਧੌਣ ਨਾਲ ਲੱਗ ਗਈ। ਇਹ ਬਾਬਾ ਜੀ ਦੀ ਸਿਫਤ ਸੀ ਕਿ ਸੇਵਾਦਾਰਾਂ ਵਾਂਗ ਹੀ ਰਹਿੰਦੇ ਸਨ। ਆਮ ਕੋਈ ਕਹਿੰਦਾ ਹੈ, ਮੇਰੀ ਸੀਟ ਵਧੀਆ ਹੋਵੇ ਪਰ ਬਾਬਾ ਜੀ ਬਿਹੰਗਮਾਂ, ਸੇਵਾਦਾਰਾਂ ਨੂੰ ਨਾਲ ਬਿਠਾਉਂਦੇ ਸੀ ਕਿ ਮੈਂ ਸੇਵਾਦਾਰਾਂ ਵਾਂਗ ਹੀ ਬੈਠਾਂ। ਸਾਰੀ ਜ਼ਿੰਦਗੀ ਇਸ ਤਰ੍ਹਾਂ ਹੀ ਨਿਭਾਈ।

ਇੱਕ ਵਾਰੀ ਬਾਬਾ ਸੁਖਦੇਵ ਸਿੰਘ ਜੀ, ਬਾਬਾ ਕੁੰਦਨ ਸਿੰਘ ਜੀ ਲਈ ਕੁਰਸੀ ਬਣਾ ਕੇ ਲਿਆਏ। ਜਦੋਂ ਸੁਖਮਨੀ ਸਾਹਿਬ ਵਾਲੇ ਅਸਥਾਨ ਵੱਲ ਜਾਂਦੇ ਹੋ ਤੇ ਅੰਦਰ ਇੱਕ ਛੋਟਾ ਜਿਹਾ ਸਟੂਲ ਪਿਆ ਹੋਇਆ ਹੈ। ਸਿਰਫ ਛੋਟੇ ਜਿਹੇ ਸਟੂਲ ਤੇ ਬਾਬਾ ਜੀ ਬੈਠਦੇ ਸੀ, ਸੰਗਤ ਰੂਪ ਵਿੱਚ। ਉੱਥੇ ਬਾਬਾ ਸੁਖਦੇਵ ਸਿੰਘ ਜੀ ਨੇ ਕੁਰਸੀ ਲਿਆਂਦੀ ਕਿ ਕੁਰਸੀ ਤੇ ਸੌਖਾ ਬੈਠਿਆ ਜਾਂਦਾ ਹੈ। ਬਾਹੀ ਤੇ ਹੱਥ ਰੱਖਿਆ ਜਾਂਦਾ ਹੈ, ਬਾਂਹ ਰੱਖੀ ਜਾਂਦੀ ਹੈ ਤੇ ਅੱਗੋਂ ਬਾਬਾ ਕੁੰਦਨ ਸਿੰਘ ਜੀ ਕਹਿੰਦੇ, ਵੱਡੇ ਬਾਬਾ ਜੀ (ਬਾਬਾ ਨੰਦ ਸਿੰਘ ਜੀ) ਕੁਰਸੀ ਤੇ ਬੈਠਦੇ ਸੀ, ਅਸੀਂ ਉਨ੍ਹਾਂ ਦੀ ਰੀਸ ਨਹੀਂ ਕਰਨੀ। ਸਟੂਲ ਹੀ ਠੀਕ ਹੈ। ਇਸ ਕੁਰਸੀ ਦਾ ਆਸਣ ਲਗਾ ਦਿਓ। ਤੁਹਾਡੀ ਸੇਵਾ ਵੀ ਥਾਂਏਂ ਪਵੇ। ਕੁਰਸੀ ਤੇ ਬਾਬਾ ਈਸ਼ਰ ਸਿੰਘ ਜੀ ਦਾ ਸਰੂਪ ਰੱਖ ਦਿਓ। ਅਸੀਂ ਨਹੀਂ ਵਰਤ ਸਕਦੇ। ਗਰੀਬੀ ਬੜੀ ਸੀ। ਮੁਰਸ਼ਦ ਦੀ ਰੀਸ ਨਹੀਂ।

ਇੱਕ ਵਾਰੀ ਬਾਬਾ ਸੁਖਦੇਵ ਸਿੰਘ ਜੀ ਖੂੰਡੀ (ਸੋਟੀ) ਬਣਾ ਕੇ ਲੈ ਆਏ। ਬਾਬਾ ਜੀ ਬਿਹੰਗਮ ਦਾ ਚੋਲਾ ਫੜ ਕੇ ਚਲਦੇ ਸੀ। ਬਿਹੰਗਮ ਦਾ ਚੋਲਾ ਫੜ ਲੈਣਾ। ਚੋਲੇ ਦਾ ਸਹਾਰਾ ਲੈ ਕੇ ਤੁਰਨਾ। ਸਰੀਰ ਬਿਰਧ ਹੋਣ ਕਰਕੇ ਦੋ ਬਿਹੰਗਮਾਂ ਦਾ ਜਾਂ ਤਾਂ ਚੋਲਾ ਫੜ ਲੈਣਾ ਤੇ ਜਾਂ ਫਿਰ ਮੋਢੇ ਤੇ ਹੱਥ ਰੱਖ ਲੈਣਾ। ਉਨ੍ਹਾਂ ਨੇ ਸੋਟੀ ਲਿਆ ਦਿੱਤੀ ਕਿਉਂਕਿ ਸੋਟੀ ਨਾਲ ਸੌਖਾ ਸਹਾਰਾ ਹੋ ਜਾਂਦਾ ਹੈ। ਫਿਰ ਬਾਬਾ ਕੁੰਦਨ ਸਿੰਘ ਜੀ ਕਹਿੰਦੇ ਅਸੀਂ ਸੋਟੀ ਨਹੀਂ ਫੜਨੀ ਕਿਉਂਕਿ ਵੱਡੇ ਬਾਬਾ ਜੀ ਸੋਟੀ ਫੜਦੇ ਸੀ, ਅਸੀਂ ਉਨ੍ਹਾਂ ਦੀ ਰੀਸ ਨਹੀਂ ਕਰਨੀ। ਕੁੜ੍ਹਤਾ ਆਦਿ ਫੜ੍ਹ ਕੇ ਜ਼ਿੰਦਗੀ ਕੱਟਣੀ ਹੈ। ਅਸੀਂ ਉਨ੍ਹਾਂ ਦੀ ਰੀਸ ਨਹੀਂ ਕਰਨੀ। ਬਾਬਾ ਸੁਖਦੇਵ ਸਿੰਘ ਜੀ ਕਹਿਣ ਲੱਗੇ, ਮੈਂ ਬੜੇ ਚਾਅ ਨਾਲ ਲਿਆਇਆ ਹਾਂ। ਬਾਬਾ ਜੀ ਕਹਿੰਦੇ, ਚਾਅ ਨਾਲ ਲਿਆਏ ਹੋ, ਰੱਖ ਦਿਓ। ਬਾਬਾ ਠਾਕੁਰ ਸਿੰਘ ਜੀ ਆਉਣਗੇ ਦਮਦਮੀ ਟਕਸਾਲ ਵਾਲੇ ਮਹਾਂਪੁਰਸ਼, ਉਨ੍ਹਾਂ ਨੂੰ ਤੁਹਾਡੇ ਵੱਲੋਂ

ਭੇਟ ਕਰ ਦਿਆਂਗੇ। ਹੁਣ ਚਾਰ-ਪੰਜ ਬਿਹੰਗਮ ਵਿਚਲੀ ਸੀਟ ਤੇ ਬਿਠਾ ਲਏ ਤੇ ਬਾਬਾ ਜੀ ਦੀ ਕੂਹਣੀ ਡਰਾਈਵਰ ਦੇ ਮਗਰੋਂ ਧੌਣ ਤੇ ਲੱਗ ਗਈ। ਉਸ ਨੇ ਬਾਬਾ ਜੀ ਦੀ ਕੂਹਣੀ ਆਪਣੇ ਹੱਥ ਨਾਲ ਪਰ੍ਹੇ ਕੀਤੀ ਤੇ ਕਹਿਣ ਲੱਗਾ, ਮੈਂ ਗੱਡੀ ਚਲਾਉਣੀ ਹੈ ਤੇ ਤੁਸੀਂ ਸਾਰਾ ਭਾਰ ਮੇਰੇ ਮੋਢੇ ਤੇ ਪਾਈ ਜਾ ਰਹੇ ਹੋ। ਕੂਹਣੀ ਪਾਸੇ ਕਰੋ। ਬਾਬਾ ਜੀ ਨਹੀਂ ਬੋਲੇ। ਹੁਣ ਜਦੋਂ ਗੱਡੀ ਝੋਰੜਾਂ ਪਹੁੰਚੀ ਤੇ ਸੌ ਬੰਦਾ ਇੱਕ ਪਾਸੇ ਫੁੱਲ ਲੈ ਕੇ ਖੜ੍ਹਾ ਹੈ। ਸੌ ਬੰਦਾ ਦੂਜੇ ਪਾਸੇ ਖੜ੍ਹਾ ਹੈ ਤੇ ਵਿੱਚੋਂ ਸਾਰੇ ਬੋਲ ਰਹੇ ਹਨ, ਆਓ ਬਾਬਾ ਜੀ, ਜੀ ਆਇਆਂ ਨੂੰ। ਸਤਿਕਾਰ ਵਜੋਂ ਸਾਰੇ ਖੜ੍ਹੇ ਸਨ। ਡਰਾਈਵਰ ਵੇਖ ਕੇ ਹੈਰਾਨ ਹੋ ਗਿਆ ਕਿ ਮੈਂ ਤਾਂ ਬਾਬਾ ਜੀ ਨੂੰ ਕਹਿ ਦਿੱਤਾ ਕਿ ਕੂਹਣੀ ਪਾਸੇ ਕਰੋ ਤੇ ਇਨ੍ਹਾਂ ਦਾ ਤਾਂ ਸਤਿਕਾਰ ਹੀ ਬੜਾ ਹੈ। ਚਾਰੇ ਹੀ ਆਸੇ ਪਾਸੇ ਸੰਗਤਾਂ ਲੈਣ ਆਈਆਂ ਹਨ। ਮੈਂ ਕੀ ਕਹਿ ਬੈਠਾ ਹਾਂ ਕਿ ਕੂਹਣੀ ਪਾਸੇ ਕਰੋ।

ਬਾਬਾ ਜੀ ਜਦੋਂ ਅੰਦਰ ਗਏ ਤਾਂ ਸਾਰੀਆਂ ਸੰਗਤਾਂ ਫੁੱਲਾਂ ਦੀ ਵਰਖਾ ਕਰਨੀ ਸ਼ੁਰੂ ਕਰਨ ਹੀ ਲੱਗੀਆਂ ਸਨ ਕਿ ਬਾਬਾ ਜੀ ਕਹਿਣ ਲੱਗੇ, ਸਾਰੀ ਫੁੱਲਾਂ ਦੀ ਵਰਖਾ ਸਤਿਗੁਰੂ ਜੀ ਤੇ ਕਰਨੀ ਹੈ। ਗਰੀਬੀ ਕਾਇਮ ਰੱਖੀ। ਅੰਦਰ ਗਏ, ਭੋਗ ਪਏ। ਘੰਟਾ-ਡੇਢ ਘੰਟਾ ਲੱਗਾ। ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਉੱਥੇ ਝੋਰੜਾਂ ਵਿੱਚ ਇੱਕ ਗੱਲ ਫੈਲ ਗਈ। ਉਹ ਕੀ? ਅੱਜ ਨਾਨਕਸਰ ਗੱਡੀ ਕੋਈ ਨਹੀਂ ਸੀ ਤੇ ਬਾਬਾ ਜੀ ਟੈਕਸੀ ਤੇ ਆਏ ਹਨ। ਜਦੋਂ ਗੱਲ ਫੈਲ ਗਈ, ਜਿਹੜੇ ਪਿਆਰ ਵਾਲੇ ਸੰਗੀ ਉੱਥੇ ਭੋਗਾਂ ਤੇ ਪਹੁੰਚੇ ਸਨ, ਪੰਜ-ਸੱਤ ਬੰਦਿਆਂ ਨੇ ਆਪਣੀਆਂ ਗੱਡੀਆਂ ਚੰਗੀ ਤਰ੍ਹਾਂ ਸਾਫ ਕਰਕੇ ਘੁਮਾ ਕੇ ਲਗਾ ਲਈਆਂ ਕਿ ਬਾਬਾ ਜੀ ਟੈਕਸੀ ਤੇ ਆਏ ਹਨ ਤੇ ਜਾਣ ਲੱਗਿਆਂ ਸਾਡੀ ਗੱਡੀ ਤੇ ਜਾਣਗੇ। ਉਹ ਡਰਾਈਵਰ ਪਾਸੇ ਖੜ੍ਹ ਕੇ ਸੋਚ ਰਿਹਾ ਹੈ ਕਿ ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਇਹ ਇੰਨੇ ਵੱਡੇ ਮਹਾਂਪੁਰਸ਼ ਹਨ। ਇੱਥੇ ਤਾਂ ਕਿੰਨੇ ਹੀ ਸੰਗੀ ਆਪਣੀਆਂ ਗੱਡੀਆਂ ਲੈ ਕੇ ਹੱਥ ਜੋੜ ਖੜ੍ਹੇ ਹਨ। ਇੱਕ ਸੰਗੀ ਕਹਿਣ ਲੱਗਾ, ਬਾਬਾ ਜੀ, ਮੇਰੀ ਗੱਡੀ ਵਿੱਚ ਬੈਠੋ। ਦੂਜਾ ਕਹਿਣ ਲੱਗਾ, ਮੇਰੀ ਗੱਡੀ ਵਿੱਚ ਬੈਠੋ। ਟੈਕਸੀ ਵਾਲਾ ਸੋਚਦਾ ਹੈ ਕਿ ਮੈਨੂੰ ਤਾਂ ਖਾਲੀ ਹੀ ਜਾਣਾ ਪਵੇਗਾ। ਇੱਥੇ ਤਾਂ ਕਈ ਕਾਰਾਂ ਲੈ ਕੇ ਬੈਠੇ ਹਨ। ਆਪਾਂ ਬਾਬਾ ਜੀ ਦਾ ਇਹ ਗੁਣ ਸਾਂਝਾ ਕਰ ਰਹੇ ਹਾਂ, ਗਰੀਬ ਨਿਵਾਜ। 20-20 ਲੱਖ ਦੀ ਗੱਡੀ ਵਾਲੇ ਆਪਣੀਆਂ ਗੱਡੀਆਂ ਖੜ੍ਹੀਆਂ ਕਰਕੇ ਬੈਠੇ ਹਨ ਤੇ ਬੇਨਤੀਆਂ ਕਰ ਰਹੇ ਹਨ ਕਿ ਸਾਡੀ ਗੱਡੀ ਵਿੱਚ ਬੈਠੋ ਪਰ ਬਾਬਾ ਜੀ ਉੱਚੀ ਸਾਰੀ ਬੋਲੇ, ਆਪਾਂ ਤਾਂ ਉਸੀ ਟੈਕਸੀ ਵਿੱਚ ਹੀ ਵਾਪਸ ਜਾਣਾ ਹੈ ਜਿਸ ਵਿੱਚ ਆਏ ਹਾਂ। ਤੁਹਾਡੀ ਸਾਰਿਆਂ ਦੀ ਹਾਜ਼ਰੀ ਪ੍ਰਵਾਨ ਪਰ ਆਪਾਂ ਉਸੇ ਟੈਕਸੀ ਵਿੱਚ ਹੀ ਨਾਨਕਸਰ ਵਾਪਸ ਜਾਣਾ ਹੈ ਜਿਸ ਟੈਕਸੀ ਵਿੱਚ ਆਏ ਹਾਂ। ਨਾਲ ਕਹਿਣ ਲੱਗੇ ਕਿ ਉਹ ਡਰਾਈਵਰ ਬੜਾ ਪਿਆਰ ਵਾਲਾ ਬੰਦਾ ਹੈ। ਉਸੇ ਟੈਕਸੀ ਵਿੱਚ ਹੀ ਬਾਬਾ ਜੀ ਨਾਨਕਸਰ ਵਾਪਸ ਆਏ। ਹੁਣ ਵਾਪਸੀ ਤੇ ਉਸ ਦੀ ਸ਼ਰਧਾ ਕੁਝ ਹੋਰ, ਭਾਵਨਾ ਕੁਝ ਹੋਰ। ਹੁਣ ਜਿੰਨੇ ਮਰਜ਼ੀ ਕਾਰ ਵਿੱਚ ਬੈਠੋ। ਜਿੱਥੇ ਮਰਜ਼ੀ ਕੂਹਣੀ ਰੱਖੋ ਭਾਵ ਕਿ ਬਾਬਾ ਜੀ ਤੇ ਪਿਆਰ ਵਾਲੀ ਭਾਵਨਾ ਬਣ ਗਈ।

ਟੈਕਸੀ ਵਾਲਾ ਬਾਬਾ ਜੀ ਨੂੰ ਨਾਨਕਸਰ ਵਾਪਸ ਲੈ ਕੇ ਆਇਆ। ਬਾਬਾ ਜੀ ਆਪਣੇ ਕਮਰੇ ਵਿੱਚ ਗਏ ਤੇ ਸੇਵਾਦਾਰ ਨੂੰ ਕਹਿਣ ਲੱਗੇ, ਟੈਕਸੀ ਵਾਲੇ ਨੂੰ ਅੰਦਰ ਬੁਲਾ ਲਓ, ਉਸ ਨੂੰ ਪਰਸ਼ਾਦ ਦੇ ਦੇਈਏ। ਜਦੋਂ ਟੈਕਸੀ ਵਾਲਾ ਅੰਦਰ ਆਇਆ, ਬਾਬਾ ਜੀ ਨੇ ਬਸਤਰ, ਮਠਿਆਈ ਦਾ ਡੱਬਾ ਤੇ ਮਾਲਾ ਪਰਸ਼ਾਦ ਵਜੋਂ ਦਿੱਤੀ ਤਾਂ ਕਿ ਇਹ ਵੀ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ ਨਾਲ ਜੁੜੇ। ਸੰਗਤ ਜੀ, ਇਹ ਹੈ ਗਰੀਬ ਨਿਵਾਜੀ। ਪਰਸ਼ਾਦ ਦੇ ਕੇ ਬਾਬਾ ਜੀ ਕਹਿੰਦੇ, ਟੈਕਸੀ ਤੇਰੀ

ਆਪਣੀ ਹੈ ਜਾਂ ਕਿਰਾਏ ਤੇ ਚਲਾਉਂਦਾ ਹੈਂ। ਕਈ ਵਾਰੀ ਬੰਦਾ ਕਿਸੇ ਦੀ ਟੈਕਸੀ ਚਲਾ ਰਿਹਾ ਹੁੰਦਾ ਹੈ। ਉਸਨੂੰ ਸਿਰਫ ਦਿਹਾੜੀ ਮਿਲਦੀ ਹੈ। ਬਾਬਾ ਜੀ ਪੁੱਛਣ ਲੱਗੇ ਕਿ ਇਹ ਟੈਕਸੀ ਤੇਰੀ ਆਪਣੀ ਹੈ ਜਾਂ ਕਿਰਾਏ ਤੇ ਹੈ। ਕਹਿਣ ਲੱਗਾ, ਆਪਣੀ ਨਹੀਂ, ਕਿਸੇ ਦੀ ਟੈਕਸੀ ਕਿਰਾਏ ਤੇ ਚਲਾਉਂਦਾ ਹਾਂ ਤੇ ਅੱਗੋਂ ਬਾਬਾ ਕੁੰਦਨ ਸਿੰਘ ਜੀ ਕਹਿੰਦੇ, ਥੱਲੇ ਸੱਚਖੰਡ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅੱਗੇ ਅਰਦਾਸ ਕਰਕੇ ਜਾਈਂ। ਆਪਣੀ ਵੀ ਬਣ ਜਾਵੇਗੀ। ਇਹ ਗੁਣ ਲਵੋ। ਕੋਈ ਹੈ ਨਫਰਤ। ਅਸੀਂ ਤਾਂ ਇਨ੍ਹਾਂ ਚੀਜ਼ਾਂ ਵਿੱਚ ਹੀ ਘੁੰਮ ਕੇ ਰਹਿ ਗਏ ਹਾਂ। ਇਹ ਹੈ ਗਰੀਬ ਨਿਵਾਜੀ। ਹੁਣ ਬਾਬਾ ਜੀ ਨੇ ਬਚਨ ਕਰ ਦਿੱਤਾ ਕਿ ਥੱਲੇ ਭੋਰਾ ਸਾਹਿਬ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਤਿਗੁਰੂ ਜੀ ਅੱਗੇ ਅਰਦਾਸ ਕਰਕੇ ਜਾਈਂ, ਆਪਣੀ ਵੀ ਬਣ ਜਾਵੇਗੀ। ਫਿਰ ਕੁਦਰਤ ਨੂੰ ਹੁਕਮ ਹੋਣਾ ਹੀ ਸੀ।

***ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥***

***(ਅੰਗ ੨੬੩)***

ਹੁਣ ਉਸ ਦੀ ਬਿੱਧ ਬੜੀ ਤਕੜੀ ਹੈ। ਪਹੂਵਿੰਡ ਸਾਹਿਬ ਵੀ ਦਾਸ ਨੇ ਇੱਕ ਵਾਰੀ ਗੱਲ ਸੁਣਾਈ ਸੀ ਕਿ ਪਹੂਵਿੰਡ ਸਾਹਿਬ ਹਾਲ ਬਣ ਗਿਆ। ਸਰੀਆ 19 ਲੱਖ ਦਾ ਆਇਆ ਸੀ। ਜਿਸ ਤੋਂ ਸਰੀਆ ਲਿਆ ਸੀ ਮੰਡੀ ਗੋਬਿੰਦਗੜ੍ਹ ਤੋਂ, ਉਹ ਕਹਿਣ ਲੱਗਾ ਕਿ ਪੈਸੇ ਜਲਦੀ ਦਿਓ ਪਰ ਆਪਣਾ ਕੰਮ ਤਾਂ ਪੂਰਾ ਸੂਰਾ ਹੀ ਹੁੰਦਾ ਹੈ। ਜਿਵੇਂ ਜਿਵੇਂ ਆਈ ਜਾਵੇ, ਅੱਗੋਂ ਚਲਦਾ ਜਾਂਦਾ ਹੈ। ਦਾਸ ਨੂੰ ਵੀ ਫਿਕਰ ਲੱਗ ਗਈ ਕਿ 19 ਲੱਖ ਹੁਣ ਇੱਕ ਦਮ ਕਿੱਥੋਂ ਦੇਈਏ। ਉਹ ਅੱਗੋਂ ਕਾਹਲਾ ਬੜਾ। ਪਰ ਉਹ ਖੰਡੇ ਵਾਲਾ ਬਾਪੂ ਉਸ ਦੀ ਬਿੱਧ ਬੜੀ ਤਕੜੀ ਹੈ। ਦਾਸ ਹਾਲੇ ਸੋਚਦਾ ਹੀ ਪਿਆ ਹੈ ਕਿ 19 ਲੱਖ ਦਾ ਕਿਵੇਂ ਕਰਾਂ? ਵਿਆਜੀ ਲਵਾਂ ਜਾਂ ਕਿਸੇ ਬੰਦੇ ਤੋਂ ਫੜ੍ਹਾਂ ਜਾਂ ਦਸਤੀ ਫੜ੍ਹਾਂ। ਕਿਸ ਤਰ੍ਹਾਂ ਕਰਾਂ? ਲੱਖ-ਦੋ ਲੱਖ ਤਾਂ ਮੰਗਿਆ ਜਾਂਦਾ ਹੈ, 19 ਲੱਖ ਕਿਸ ਤੋਂ ਫੜ੍ਹਾਂ। ਉਸ ਵੇਲੇ ਦਾਸ ਨੂੰ ਲੁਧਿਆਣੇ ਤੋਂ ਫੋਨ ਆਇਆ। ਅਮਰੀਕਾ ਦੀ ਇੱਕ ਬੀਬੀ ਤੇ ਲੁਧਿਆਣੇ ਤੋਂ ਫੋਨ ਆਇਆ ਕਿ ਮੇਰੇ ਪਤੀ ਦੀ ਡੈਥ ਹੋ ਗਈ। ਉਸ ਦਾ ਮਕਾਨ ਲੁਧਿਆਣੇ ਸੀ ਤੇ ਮੈਂ ਸੇਲ ਕਰਨ ਵਾਸਤੇ ਆਈ ਹਾਂ। ਮਕਾਨ ਸੇਲ ਹੋ ਗਿਆ ਹੈ ਤੇ ਯਕੀਨ ਜਾਣਨਾ, ਉਹ ਕਹਿਣ ਲੱਗੀ ਕਿ 19 ਲੱਖ ਬਿਆਨਾ ਮਿਲਿਆ ਹੈ। ਮੈਨੂੰ ਸੰਭਾਲਣਾ ਔਖਾ ਹੋਇਆ ਪਿਆ ਹੈ। ਤੁਸੀਂ ਦੱਸੋ ਕਿ ਇਹ 19 ਲੱਖ ਲੁਧਿਆਣੇ ਕਿਸ ਨੂੰ ਦਿਆਂ। ਮੈਨੂੰ ਦੋ-ਤਿੰਨ ਮਹੀਨੇ ਬਾਅਦ ਲੋੜ ਹਨ। ਦਾਸ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਕੌਣ ਕਹਿੰਦਾ ਹੈ, ਪਹੂਵਿੰਡ ਸਾਹਿਬ ਦਾ ਹਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਬਣਾ ਰਿਹਾ ਹੈ, ਨਹੀਂ, ਧੰਨ ਧੰਨ ਬਾਬਾ ਦੀਪ ਸਿੰਘ ਜੀ ਆਪ ਬਣਾ ਰਹੇ ਹਨ। ਉਨ੍ਹਾਂ ਨੂੰ ਫਿਕਰ ਹੈ। ਇੱਧਰ ਚਿੰਤਾ ਹੈ, 19 ਲੱਖ ਦਾ ਇੰਤਜ਼ਾਮ ਕਿਸ ਪਾਸੋਂ ਕਰਾਂ। ਮੰਡੀ ਗੋਬਿੰਦਗੜ੍ਹ ਤੋਂ ਸਰੀਆ ਆਇਆ ਸੀ। ਬੜੀ ਪਿਆਰੀ ਰੂਹ ਨੇ ਲੁਧਿਆਣੇ ਤੋਂ ਵਿਚੋਲਾ ਪੈ ਕੇ ਰਿਆਇਤ ਕਰਵਾ ਕੇ ਲੈ ਕੇ ਦਿੱਤਾ ਪਰ ਜਿਸ ਤੋਂ ਸਰੀਆ ਲਿਆ, ਉਹ ਕਾਹਲਾ ਪੈ ਗਿਆ ਤੇ ਇਧਰ ਬੀਬੀ ਕਹਿਣ ਲੱਗੀ ਕਿ 19 ਲੱਖ ਕਿਸ ਨੂੰ ਫੜਾਵਾਂ। ਹੁਣ ਵੇਖੋ ਸਰੀਆ ਲਿਆਉਣ ਲਈ ਵਿਚੋਲਾ ਵੀ ਲੁਧਿਆਣੇ ਤੋਂ ਤੇ ਉਹ ਬੀਬੀ ਵੀ ਲੁਧਿਆਣੇ ਤੋਂ। ਦਾਸ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਤੇ ਦਾਸ ਨੇ ਬੇਨਤੀ ਕੀਤੀ ਬਾਬਾ ਜੀ ਦੇ ਚਰਨਾਂ ਵਿੱਚ, ਬਾਬਾ ਜੀ ਇੰਨੀ ਤਕੜੀ ਆਪ ਜੀ ਦੀ ਬਿੱਧ ਹੈ। ਦਾਸ ਨੇ ਐਡਰੈੱਸ ਦਿੱਤਾ ਕਿ ਫਲਾਣੇ ਨੂੰ 19 ਲੱਖ ਦੇ ਦਿਓ। ਬਾਬਾ ਜੀ ਆਪ ਹੀ ਕੰਮ ਕਰਦੇ ਹਨ, ਉਨ੍ਹਾਂ ਦੀ ਬਿੱਧ ਬੜੀ ਤਕੜੀ ਹੈ। ਰੱਬ ਨੇ ਬਿੱਧ ਬਣਾ ਦਿੱਤੀ।

ਬਾਬਾ ਕੁੰਦਨ ਸਿੰਘ ਜੀ ਨੇ ਬਚਨ ਕੀਤਾ

ਟੈਕਸੀ ਵਾਲੇ ਨੂੰ, ਥੱਲੇ ਸੱਚਖੰਡ ਭੋਰਾ ਸਾਹਿਬ ਵਿੱਚ ਜਾ ਕੇ ਅਰਦਾਸ ਕਰੀਂ, ਆਪਣੀ ਗੱਡੀ ਦੀ ਵੀ ਬਿੱਧ ਬਣ ਜਾਵੇਗੀ। ਜਾਂਦਿਆਂ ਦੋ-ਚਾਰ ਮਹੀਨਿਆਂ ਵਿੱਚ ਬਿੱਧ ਬਣ ਗਈ, ਥੋੜ੍ਹੇ ਮਹੀਨਿਆਂ ਵਿੱਚ ਗੱਡੀ ਆਪਣੀ ਬਣ ਗਈ। ਉਸ ਨੂੰ ਵੀ ਯਕੀਨ ਬਣ ਗਿਆ ਕਿ ਬਾਬਾ ਜੀ ਨੇ ਪੁੱਛਿਆ ਸੀ ਕਿ ਗੱਡੀ ਆਪਣੀ ਕਿ ਕਿਰਾਏ ਦੀ ਤੇ ਮੈਂ ਕਿਹਾ ਕਿ ਕਿਰਾਏ ਦੀ। ਬਾਬਾ ਜੀ ਨੇ ਬਚਨ ਕੀਤਾ ਕਿ ਸੱਚਖੰਡ ਅਰਦਾਸ ਕਰਕੇ ਜਾਈਂ, ਆਪਣੀ ਵੀ ਬਣ ਜਾਵੇਗੀ ਤੇ ਉਹ ਫਿਰ ਪਹਿਲਾ ਡੱਬਾ ਲੈ ਕੇ ਨਾਨਕਸਰ ਆਇਆ, ਬਾਬਾ ਕੁੰਦਨ ਸਿੰਘ ਜੀ ਕੋਲ ਦਰਸ਼ਨ ਕਰਨ ਆਇਆ ਕਿ ਬਾਬਾ ਜੀ, ਗੱਡੀ ਆਪਣੀ ਬਣ ਗਈ ਹੈ। ਮੈਂ ਡੱਬਾ ਲੈ ਕੇ ਆਇਆ ਹਾਂ। ਅੱਗੋਂ ਬਾਬਾ ਜੀ ਕਹਿਣ ਲੱਗੇ ਮਕਾਨ ਆਪਣਾ ਹੈ ਕਿ ਕਿਰਾਏ ਤੇ ਰਹਿੰਦਾ ਹੈਂ। ਉਹ ਅੱਗੋਂ ਹੱਥ ਜੋੜ ਕੇ ਕਹਿੰਦਾ ਕਿ ਬਾਬਾ ਜੀ ਕਿਰਾਏ ਤੇ ਰਹਿੰਦਾ ਹਾਂ। ਇਹ ਹਨ ਗਰੀਬ ਨਿਵਾਜ। ਕਹਿਣ ਲੱਗੇ, ਜਪੁ ਜੀ ਸਾਹਿਬ ਦਾ ਪਾਠ ਕਰਕੇ, ਸੱਚਖੰਡ ਅਰਦਾਸ ਕਰਕੇ ਜਾਈਂ, ਆਪਣਾ ਮਕਾਨ ਵੀ ਬਣ ਜਾਵੇਗਾ। ਇਸ ਨੂੰ ਕੀ ਕਹੋਗੇ? ਇਹ ਬਾਬਾ ਜੀ ਦਾ ਸੁਭਾਅ। ਗਰੀਬ ਨਿਵਾਜ ਦਾ ਗੁਣ। ਬਾਬਾ ਜੀ ਨੇ ਇਹ ਨਹੀਂ ਕਿਹਾ ਕਿ ਇਸ ਨੇ ਕਿਹਾ ਸੀ, ਕੂਹਣੀ ਕਿਉਂ ਰੱਖੀ ਹੈ? ਅਸੀਂ ਇਸ ਖੇਡ ਵਿੱਚ ਹਾਂ। ਇਹ ਬਾਬਾ ਕੁੰਦਨ ਸਿੰਘ ਜੀ ਦੇ ਗੁਣਾਂ ਵਿੱਚੋਂ ਗੁਣ, ਗਰੀਬ ਨਿਵਾਜ ਦਾ ਗੁਣ।

***ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥***
***ਗਰੀਬ ਨਿਵਾਜੁ ਗੁਸਈਆ ਮੇਰਾ***
***ਮਾਥੈ ਛਤ੍ਰੁ ਧਰੈ ॥੧॥ ਰਹਾਉ ॥***

*(ਅੰਗ ੧੧੦੬)*

ਦਾਸ ਦਾ ਘਰੇਲੂ ਬਚਨ ਸਾਹਮਣੇ ਆਇਆ ਹੈ। ਕਈ ਵਾਰ ਮਾਇਆ ਦਿੰਦੇ ਹੋ ਤੇ ਸਾਹਮਣੇ ਦਿੱਸਦਾ ਹੈ ਕਿ ਕੁਝ ਦਿੱਤਾ ਹੈ। ਇੱਕ ਗੁਣ ਬੜਾ ਵੱਡਾ ਹੈ ਪਰ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਉਹ ਕਿਹੜਾ ਗੁਣ ਹੈ? ਬਾਬਾ ਕੁੰਦਨ ਸਿੰਘ ਜੀ ਦਾ ਵੱਡਾ ਗੁਣ ਸੀ, ਦਾਤ ਦੇ ਵੀ ਦੇਣੀ ਤੇ ਪਤਾ ਵੀ ਨਾ ਲੱਗਣ ਦੇਣਾ ਕਿ ਦਿੱਤਾ ਕੀ ਹੈ ਤੇ ਦੇ ਵੀ ਦੇਣਾ। ਦਾਸ ਦੇ ਪਿਤਾ ਜੀ ਚੜ੍ਹਾਈ ਕਰ ਗਏ। ਇੰਨੀ ਕੁ ਸੋਝੀ ਸੀ ਕਿ ਮਹਾਂਪੁਰਸ਼ਾਂ ਨੂੰ ਸੁਨੇਹਾ ਭੇਜ ਦੇਈਏ। ਸੁਨੇਹਾ ਪਹੁੰਚਣ ਨਾਲ ਵੀ ਪ੍ਰਾਣੀ ਦਾ ਰਾਹ ਸੌਖਾ ਹੋ ਜਾਂਦਾ ਹੈ। ਦਾਸ ਨੇ ਇੱਧਰੋਂ ਉੱਧਰੋਂ ਦੋ-ਚਾਰ ਫੋਨ ਕਰਕੇ ਬਾਬਾ ਜੀ ਤੱਕ ਸੁਨੇਹਾ ਭਿਜਵਾਇਆ ਕਿ ਪਿਤਾ ਜੀ ਚੜ੍ਹਾਈ ਕਰ ਗਏ ਹਨ। ਦਾਸ ਨੇ ਸੋਚਿਆ ਸੀ ਕਿ ਸੁਨੇਹਾ ਹੀ ਚਲਾ ਜਾਵੇ ਤੇ ਪ੍ਰਾਣੀ ਦਾ ਰਾਹ ਸੌਖਾ ਹੋ ਜਾਂਦਾ ਹੈ। ਮਹਾਂਪੁਰਸ਼ਾਂ ਦੇ ਧਿਆਨ ਵਿੱਚ ਹੀ ਆ ਜਾਵੇ। ਅਸੀਂ ਫੁੱਲ ਹਰੀਕੇ ਪੱਤਣ ਜਲ ਪ੍ਰਵਾਹ ਕੀਤੇ, ਫਿਰ ਅਖੰਡ ਪਾਠ ਸਾਹਿਬ ਕਰਵਾਇਆ। ਅੱਠ ਦਸ ਦਿਨ ਲੱਗ ਗਏ। ਅੱਠ ਦਸ ਦਿਨ ਬਾਅਦ ਜਦੋਂ ਦਾਸ ਨਾਨਕਸਰ ਦਰਸ਼ਨ ਕਰਨ ਕਮਰੇ ਵਿੱਚ ਗਿਆ। ਬਾਬਾ ਜੀ ਕਹਿਣ ਲੱਗੇ, ਪਿਤਾ ਜੀ ਚੜ੍ਹਾਈ ਕਰ ਗਏ ਹਨ। ਦਾਸ ਨੇ ਕਿਹਾ, ਹਾਂ ਜੀ। ਕਹਿਣ ਲੱਗੇ, ਖਲ੍ਹੋ ਜਾ। ਦਾਸ ਖੜ੍ਹਾ ਹੋ ਗਿਆ। ਪੁੱਛਣ ਲੱਗੇ, ਇਹ ਕੌਣ ਆਇਆ ਹੈ? ਦਾਸ ਨੇ ਬੇਨਤੀ ਕੀਤੀ, ਵੱਡੇ ਭਾਈ ਸਾਹਿਬ। ਉਨ੍ਹਾਂ ਨੂੰ ਕਿਹਾ ਕਿ ਤੂੰ ਵੀ ਖਲ੍ਹੋ ਜਾ। ਫਿਰ ਪੁੱਛਣ ਲੱਗੇ, ਇਹ ਕੌਣ ਆਇਆ ਹੈ? ਦਾਸ ਨੇ ਬੇਨਤੀ ਕੀਤੀ ਕਿ ਛੋਟੇ ਜੀਜਾ ਜੀ। ਅਸੀਂ ਦੋ ਭਰਾ ਤੇ ਦਾਸ ਦੀਆਂ ਦੋ ਭੈਣਾਂ ਹਨ। ਦੋਵੇਂ ਜੀਜੇ, ਦੋਵੇਂ ਭਰਾ ਸਾਰਿਆਂ ਨੂੰ ਬਾਬਾ ਜੀ ਨੇ ਖੜ੍ਹਾ ਕਰ ਦਿੱਤਾ। ਸੇਵਾਦਾਰ ਨੂੰ ਇਸ਼ਾਰਾ ਕਰਦੇ ਹਨ। ਕਹਿੰਦੇ, ਚੌਲਾ ਲਿਆ। ਦਾਸ ਨੂੰ ਅੱਜ ਤੱਕ ਯਾਦ ਹੈ, ਕਰੀਮ ਰੰਗ ਦਾ ਚੌਲਾ। ਦਾਸ ਨੂੰ ਚੌਲਾ ਦੇ ਕੇ ਕਹਿੰਦੇ, ਚੌਲਾ ਪਾ ਲੈ। ਦਾਸ ਨੇ ਜਰਸੀ ਦੇ ਬਟਨ ਖੋਲ੍ਹਣੇ ਸ਼ੁਰੂ ਕਰ ਦਿੱਤੇ, ਇਸ ਨੂੰ ਉਤਾਰਾਂ ਤੇ ਚੌਲਾ ਪਾਵਾਂ। ਨਾਲ ਹੀ ਕਹਿੰਦੇ, ਇਸ ਦੇ ਉੱਤੇ ਹੀ ਪਾ ਲੈ। ਦਾਸ ਨੇ ਉੱਤੇ ਹੀ ਪਾ ਲਿਆ। ਯਕੀਨ ਜਾਣਨਾ, ਮਨ ਵਿੱਚ

ਫੁਰਨਾ ਕੀ ਬਣੇ। ਬਾਬਾ ਜੀ ਕੀ ਕਰ ਰਹੇ ਹਨ? ਮੇਰੇ ਪਿਤਾ ਜੀ ਦੀ ਡੈੱਥ ਹੋ ਗਈ ਹੈ ਤੇ ਬਾਬਾ ਜੀ ਚੋਲਾ ਪੁਆ ਰਹੇ ਹਨ। ਪਤਾ ਵੀ ਨਹੀਂ ਲੱਗਣ ਦੇਣਾ ਕਿ ਕੀ ਦੇ ਰਹੇ ਹਨ? ਉਸੇ ਰੰਗ ਦਾ ਇੱਕ ਚੋਲਾ ਹੋਰ ਮੰਗਵਾਇਆ। ਉਹ ਮੰਗਵਾ ਕੇ ਵੱਡੇ ਭਾਈ ਸਾਹਿਬ ਨੂੰ ਦੇ ਕੇ ਕਹਿੰਦੇ, ਤੁਸੀਂ ਵੀ ਪਾ ਲਓ। ਉਸੇ ਰੰਗ ਦਾ ਇੱਕ ਹੋਰ ਚੋਲਾ ਵੱਡੇ ਜੀਜਾ ਜੀ ਨੂੰ ਦਿੱਤਾ, ਉਸੇ ਰੰਗ ਦਾ, ਉਸੇ ਕੱਪੜੇ ਦਾ ਇੱਕ ਹੋਰ ਚੋਲਾ ਮੰਗਵਾ ਕੇ ਛੋਟੇ ਜੀਜਾ ਜੀ ਨੂੰ ਦਿੱਤਾ। ਅਸੀਂ ਚਾਰਾਂ ਨੇ ਖੜ੍ਹੇ ਖੜ੍ਹੇ ਪਾ ਲਏ ਤੇ ਸਾਰੇ ਇੱਕੋ ਜਿਹੇ ਲੱਗਣ। ਅੰਦਰ ਉਨ੍ਹਾਂ ਨੂੰ ਪਤਾ ਹੈ, ਕੀ ਦੇਣਾ ਹੈ? ਬੜੀ ਵੱਡੀ ਗੱਲ ਹੈ। ਦੇਣਾ ਵੀ ਹੈ ਤੇ ਪਤਾ ਵੀ ਨਹੀਂ ਲੱਗਣ ਦੇਣਾ। ਚਾਰਾਂ ਨੂੰ ਚੋਲਾ ਦੇ ਕੇ ਸਾਡੇ ਚਾਰਾਂ ਵੱਲ ਉਂਗਲ ਘੁਮਾਈ। ਉੱਚੀ ਸਾਰੀ ਦਾਸ ਨੂੰ ਕਹਿੰਦੇ, ਇਸ ਤਰ੍ਹਾਂ ਇਕੱਠੇ ਰਹਿਣਾ। ਗੱਲ ਬੜੀ ਵੱਡੀ ਹੈ। ਵੱਡੇ ਚੜ੍ਹਾਈ ਕਰ ਜਾਣ ਤੇ ਕਈ ਵਾਰ ਜਾਇਦਾਦ ਕਾਰਨ ਰਿਸ਼ਤੇਦਾਰੀ ਵਿੱਚ ਵਖਰੇਵੇਂ ਸ਼ੁਰੂ ਹੋ ਜਾਂਦੇ ਹਨ। ਬਾਬਾ ਜੀ ਨੇ ਉਂਗਲ ਕਰਕੇ ਚੋਲਾ ਪਾਉਣ ਨੂੰ ਕਿਹਾ ਸਾਨੂੰ ਵੀ ਸਮਝ ਨਹੀਂ ਕਿ ਚੋਲੇ ਕਿਉਂ ਪੁਆਏ ਹਨ, ਕੀ ਮਕਸਦ ਹੈ? ਕਹਿਣ ਲੱਗੇ, ਇੰਝ ਹੀ ਇਕੱਠੇ ਰਹਿਣਾ। ਇਹ ਕੀ ਦਾਤ ਦਿੱਤੀ ਕਿ ਇਹ ਸਾਡੇ ਘਰ ਦੇ ਸੰਗੀ ਹਨ, ਇਹ ਲੜਦੇ ਸੋਭਦੇ ਨਹੀਂ। ਜੇ ਕੁਝ ਕਮੀ ਆਉਣੀ ਹੁੰਦੀ, ਇੰਝ ਉਂਗਲ ਕਰਕੇ ਇੱਕੋ ਜਿਹੇ ਚੋਲੇ ਪੁਆ ਕੇ ਕੱਟ ਦਿੱਤੀ। ਉਸ ਚੀਜ਼ ਬਾਰੇ ਨਾ ਤਾਂ ਕਿਸੇ ਦਾ ਫੁਰਨਾ ਬਣਿਆ, ਨਾ ਕੋਈ ਇਹੋ ਜਿਹੀ ਗੱਲ ਹੋਈ। ਵਾੜ ਲੱਗੀ ਰਵ੍ਹੇ। ਹੁਣ ਵੀ ਕਿਰਪਾ ਉਨ੍ਹਾਂ ਦੀ ਬਣੀ ਰਵ੍ਹੇ। ਇਹ ਬੜੀ ਵੱਡੀ ਗੱਲ ਹੈ। ਵੇਖਣ ਨੂੰ ਉਨ੍ਹਾਂ ਨੇ ਚੋਲੇ ਪੁਆਏ ਹਨ ਪਰ ਇੰਝ ਉਂਗਲ ਕਰਕੇ ਇਕੱਠੇ ਰਹਿਣਾ, ਉਸ ਵਿੱਚ ਸਭ ਕੁਝ ਦੇ ਦਿੱਤਾ ਕਿ ਇਨ੍ਹਾਂ ਦੀ ਆਪਸ ਵਿੱਚ ਲੜਾਈਆਂ ਨਾ ਹੋਣ। ਵੱਡੇ ਚਲੇ ਗਏ ਤੇ ਇਸ ਤਰ੍ਹਾਂ ਇਹ ਇਕੱਠੇ ਰਹਿਣ। ਇਹ ਉਨ੍ਹਾਂ ਦਾ ਬੜਾ ਵੱਡਾ ਗੁਣ ਸੀ ਕਿ ਦਾਤ ਦੇ ਵੀ ਦੇਣੀ ਤੇ ਪਤਾ ਵੀ ਨਹੀਂ ਲੱਗਣ ਦੇਣਾ।

ਕੁਝ ਸਮੇਂ ਬਾਅਦ ਦਾਸ ਫਿਰ ਨਾਨਕਸਰ ਦਰਸ਼ਨ ਕਰਨ ਗਿਆ ਤੇ ਬਾਬਾ ਜੀ ਕਹਿਣ ਲੱਗੇ, ਮਾਸਟਰ ਜੀ, ਸਾਡਾ ਕੀਰਤਨ ਪ੍ਰਮਾਣਾਂ ਵਾਲਾ ਰਜਿਸਟਰ ਲਿਆ। ਬਾਬਾ ਜੀ ਪਹਿਲਾਂ ਪ੍ਰਮਾਣਾਂ ਨਾਲ ਕੀਰਤਨ ਕਰਦੇ ਸੀ। ਪ੍ਰਮਾਣਾਂ ਵਾਲਾ ਰਜਿਸਟਰ ਲਗਾਇਆ ਹੋਣਾ ਹੈ। ਇੱਕ-ਇੱਕ ਪੰਕਤੀ ਤੇ ਵੀਹ-ਵੀਹ, ਪੰਝੀ-ਪੰਝੀ ਪ੍ਰਮਾਣ। ਕਹਿਣ ਲੱਗੇ ਮਾਸਟਰ ਜੀ ਨੂੰ ਪ੍ਰਮਾਣਾਂ ਵਾਲਾ ਸਾਡਾ ਰਜਿਸਟਰ ਲਿਆ, ਗੁਰਇਕਬਾਲ ਸਿੰਘ ਦੀ ਝੋਲੀ ਵਿੱਚ ਪਾ ਦੇਈਏ। ਦਾਸ ਨੂੰ ਚਾਅ ਚੜ੍ਹ ਗਿਆ। ਦਾਸ ਅੰਦਰ ਸੋਚੇ ਕਿ ਅੱਜ ਤਾਂ ਅਸਲੀ ਖਜ਼ਾਨਾ ਮਿਲ ਜਾਣਾ ਹੈ ਤੇ ਉਹ ਲੱਭੀ ਜਾਣ ਤੇ ਉਹ ਲੱਭੇ ਨਾ ਰਜਿਸਟਰ। ਦਾਸ ਦਾ ਮਨ ਉਦਾਸ ਹੋ ਗਿਆ। ਬੜੀ ਦੇਰੀ ਤੱਕ ਉਡੀਕ ਕੀਤੀ ਪਰ ਉਹ ਰਜਿਸਟਰ ਨਾ ਲੱਭਿਆ। ਮਾਸਟਰ ਜੀ ਕਹਿੰਦੇ, ਰਜਿਸਟਰ ਲੱਭਦਾ ਨਹੀਂ ਪਿਆ ਤੇ ਬਾਬਾ ਜੀ ਨੇ ਬਚਨ ਕੀਤਾ ਕਿ ਜਦੋਂ ਰਜਿਸਟਰ ਲੱਭ ਗਿਆ ਤੇ ਤੁਹਾਡੀ ਝੋਲੀ ਪਾ ਦਿਆਂਗੇ ਤੇ ਦਾਸ ਨੇ ਬੇਨਤੀ ਕੀਤੀ ਕਿ ਰਜਿਸਟਰ ਭਾਵੇਂ ਲੱਭ ਨਹੀਂ ਰਿਹਾ ਪਰ ਬਚਨ ਝੋਲੀ ਵਿੱਚ ਪਾ ਦਿੱਤਾ ਕਿ ਲਿਆ ਰਜਿਸਟਰ, ਝੋਲੀ ਵਿੱਚ ਪਾਈਏ। ਇਹ ਸਾਰੀ ਉਨ੍ਹਾਂ ਦੀ ਕਿਰਪਾ ਹੀ ਵਰਤ ਰਹੀ ਹੈ। ਬਚਨਾਂ ਰਾਹੀਂ ਹੀ ਝੋਲੀ ਭਰ ਦਿੱਤੀ। ਵੇਖਣ ਨੂੰ ਰਜਿਸਟਰ ਹੈ, ਵੇਖਣ ਨੂੰ ਪ੍ਰਮਾਣ ਹਨ ਪਰ ਦਾਤ ਵੀ ਦੇ ਦਿੱਤੀ ਤੇ ਪਤਾ ਵੀ ਨਹੀਂ ਲੱਗਣ ਦੇਣਾ। ਇਹ ਬਹੁਤ ਘੱਟ ਮਹਾਂਪੁਰਸ਼ਾਂ ਵਿੱਚ ਇਹ ਗੁਣ ਦੇਖਣ ਨੂੰ ਮਿਲਦਾ ਹੈ, ਦਾਤ ਦੇ ਵੀ ਦੇਣੀ ਤੇ ਪਤਾ ਵੀ ਨਹੀਂ ਲੱਗਣ ਦੇਣਾ। ਗੁਪਤ ਰੂਪ ਵਿੱਚ ਵਰਤਣਾ। ਜਿਵੇਂ ਬਾਬਾ ਜੈਮਲ ਸਿੰਘ ਜੀ ਭੂਰੀ ਵਾਲੇ, ਉਨ੍ਹਾਂ ਨੇ ਦਿੱਲੀ ਦੇ ਕਿਸੇ ਪਰਿਵਾਰ ਨੂੰ ਬਚਨ

*—ਬਾਕੀ ਹਿੱਸਾ ਪੰਨਾ 33 'ਤੇ ਪੜ੍ਹੋ ਜੀ*

# ਬਾਬਾ ਗੁਰਮੇਲ ਸਿੰਘ ਜੀ ਦੇ ਕੀਰਤਨ ਵਿੱਚੋਂ ਧੰਨ ਬਾਬਾ ਕੁੰਦਨ ਸਿੰਘ ਜੀ ਦੇ ਜੀਵਨ ਦੇ ਕੁਝ ਅੰਸ਼

ਬਾਬਾ ਈਸ਼ਰ ਸਿੰਘ ਜੀ ਦੇ ਮਨ ਦੀ ਭਾਵਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਤੀ ਗੁਰੂਆਂ ਦੇ ਗੁਰੂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਬਾਬਾ ਕੁੰਦਨ ਸਿੰਘ ਜੀ, ਉਨ੍ਹਾਂ ਦੀ ਭਾਵਨਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਕੀ ਸੀ? ਦਾਸ ਨੇ ਇੱਕ ਵਾਰ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਕੋਈ ਸੁਮੱਤ ਲੈਣੀ ਹੈ। ਬਾਬਾ ਜੀ ਪਿਆਰ ਵਿੱਚ ਕਹਿਣ ਲੱਗੇ ਕਿ ਦੱਸੋ? ਦਾਸ ਨੇ ਬੇਨਤੀ ਕੀਤੀ ਕਿ ਰੁਟੀਨ ਵਿੱਚ ਕੋਈ ਪ੍ਰੇਮੀ ਸੰਗੀ ਬਾਬਾ ਈਸ਼ਰ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਨਾਨਕਸਰ ਆਵੇ ਤੇ ਉਸ ਨੂੰ ਸੁਭਾਵਿਕ ਹੀ ਬਾਬਾ ਈਸ਼ਰ ਸਿੰਘ ਜੀ ਦੇ ਦਰਸ਼ਨ ਹੋਣ, ਸਰੋਵਰ ਤੇ ਖਲੋਤਿਆਂ ਜਾਂ ਕਿਸੇ ਅਸਥਾਨ ਦੇ ਉੱਤੇ ਟਹਿਲਦਿਆਂ ਹੋਇਆਂ ਜਾਂ ਕਿਤੇ ਵੀ ਤੇ ਉੱਥੇ ਹੀ ਬਚਨ ਬਿਲਾਸ ਸੁਣ ਕੇ ਬਾਬਾ ਜੀ ਦੀਆਂ ਖੁਸ਼ੀਆਂ ਪ੍ਰਸੰਨਤਾ ਲੈ ਕੇ ਵਾਪਸ ਘਰ ਆ ਜਾਵੇ ਪਰ ਜੇ ਕਿਤੇ ਗਾਹੇ ਬਗਾਹੇ ਜ਼ਿੰਦਗੀ ਵਿੱਚ ਵਿਚਰਦਿਆਂ ਗ੍ਰਹਿਸਥੀ ਜੀਵਨ ਵਿੱਚ ਉਸ ਸੰਗੀ ਤੇ ਕਿਤੇ ਬਿਪਤਾ ਜਾਂ ਔਕੜ ਦਾ ਸਮਾਂ ਆਇਆ ਹੈ। ਉਸ ਸੰਗੀ ਨੇ, ਉਸ ਜਗਿਆਸੂ ਨੇ ਉੱਥੇ ਖੜ੍ਹ ਕੇ ਅਰਦਾਸ ਕਰਨੀ ਹੈ, ਬਾਬਾ ਜੀ ਮੇਰੀ ਰੱਖਿਆ ਕਰੋ। ਮੇਰੀ ਬਾਂਹ ਫੜ੍ਹ ਲਵੋ, ਕਿਰਪਾ ਕਰੋ, ਦਾਸ ਨੇ ਬੇਨਤੀ ਕੀਤੀ ਕਿ ਜੇ ਕੋਈ ਸੰਗੀ ਅਰਦਾਸ ਕਰਦਾ ਹੋਵੇ ਜਾਂ ਯਾਦ ਕਰਦਾ ਹੋਵੇਗਾ ਤੇ ਉਸ ਦੇ ਹਿਰਦੇ ਤੇ ਬਾਬਾ ਜੀ ਦਾ ਉਹੋ ਸਰੂਪ ਬਣਿਆ ਹੋਵੇ ਜਿੱਥੇ ਉਸ ਨੂੰ ਬਾਬਾ ਈਸ਼ਰ ਸਿੰਘ ਜੀ ਦੇ ਨਾਨਕਸਰ ਆਉਣ ਸਮੇਂ ਦਰਸ਼ਨ ਕੀਤੇ ਹੋਣ ਜਿਵੇਂ ਸਰੋਵਰ ਸਾਹਿਬ ਜਾਂ ਕਿਸੇ ਅਸਥਾਨ ਤੇ ਪਰ ਉਸ ਸੰਗੀ ਦੇ ਅਰਦਾਸ ਕਰਨ ਸਮੇਂ ਜੇ ਉਸ ਵਕਤ ਬਾਬਾ ਜੀ ਉੱਥੇ ਨਾ ਹੋਣ ਤੇ ਫਿਰ ਸੰਗੀ ਦੀ ਅਰਦਾਸ ਦਾ ਕੀ ਬਣੇਗਾ? ਕੀ ਉਸ ਦੀ ਭਾਵਨਾ ਪੂਰੀ ਹੋਵੇਗੀ? ਇਹ ਮੇਰਾ ਸਵਾਲ ਸੀ।

ਧੰਨ ਬਾਬਾ ਕੁੰਦਨ ਸਿੰਘ ਜੀ ਨੇ ਸੁਮੱਤ ਦਿੱਤੀ ਕਿ ਕੋਈ ਵੀ ਵਕਤ ਹੋਵੇ, ਕੋਈ ਵੀ ਥਾਂ ਹੋਵੇ, ਕਿਹੋ ਜਿਹਾ ਵੀ ਸਮਾਂ ਹੋਵੇ ਪਰ 24 ਘੰਟਿਆਂ ਦੇ ਵਿੱਚ ਜਦੋਂ ਵੀ ਕਿਸੇ ਪ੍ਰੇਮੀ ਨੇ, ਕਿਸੇ ਸੰਗੀ ਨੇ ਅਰਦਾਸ ਕਰਨੀ ਹੈ, ਉਦੋਂ ਧਿਆਨ ਉੱਥੇ ਧਰਨਾ ਹੈ ਜਿੱਥੇ ਬਾਬਾ ਜੀ ਰੋਜ਼ਾਨਾ ਸਤਿਗੁਰੂ ਜੀ ਪ੍ਰਤੀ ਮਰਿਆਦਾ ਪੂਰੀ ਕਰਿਆ ਕਰਦੇ ਹਨ, ਭੋਗ ਲਗਾਉਂਦੇ ਹਨ, ਪ੍ਰਕਾਸ਼ ਕਰਦੇ ਹਨ, ਹੁਕਮਨਾਮਾ ਲੈਂਦੇ ਹਨ। ਕਹਿਣ ਤੋਂ ਭਾਵ ਬਾਬਾ ਜੀ ਸੱਚਖੰਡ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ ਜਿੱਥੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੱਡੇ ਸਤਿਗੁਰੂ ਜੀ ਬਿਰਾਜਮਾਨ ਹਨ, ਬਾਬਾ ਜੀ ਹਰ ਵਕਤ ਸੂਖਸ਼ਮ ਰੂਪ ਵਿੱਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੈਠੇ ਹੁੰਦੇ ਹਨ, ਉੱਥੇ ਅਰਦਾਸ ਧਿਆਨ ਧਰ ਕੇ ਕਰ ਲਵੋ, ਤੁਹਾਡੀ ਅਰਦਾਸ ਪੂਰੀ ਹੋਵੇਗੀ। ਜੇ ਬਾਬਾ ਕੁੰਦਨ ਸਿੰਘ ਜੀ ਨੇ ਵੀ ਜੋੜਿਆ ਹੈ ਤਾਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ ਹੈ, ਜਿੱਥੇ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ਮਾਨ ਹਨ, ਉੱਥੇ ਦਾ ਧਿਆਨ ਧਰ ਕੇ ਅਰਦਾਸ ਕਰਨੀ ਹੈ।

❑❑❑

# ਧੰਨ ਧੰਨ ਬਾਬਾ ਅਟੱਲ ਰਾਇ ਸਾਹਿਬ ਜੀ ਦੇ ਪ੍ਰਤੀ ਧੰਨ ਬਾਬਾ ਕੁੰਦਨ ਸਿੰਘ ਜੀ ਦੀ ਭਾਵਨਾ



*—ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ ਪੁਸਤਕ 'ਚੋਂ (ਭਾਗ ਤੀਜਾ)*

ਸਤਿਗੁਰ ਛੇਵੇਂ ਪਾਤਸ਼ਾਹ ਜੀ ਦੇ ਸੋਹਣੇ ਰਾਜ ਦੁਲਾਰੇ ਧੰਨ ਬਾਬਾ ਅਟੱਲ ਰਾਇ ਸਾਹਿਬ ਜੀ ਦੁਆਰਾ ਮੋਹਨ ਜੀ ਨੂੰ ਮੌਤ ਦੇ ਮੂੰਹ ਵਿੱਚੋਂ ਮੋੜ ਲਿਆਉਣਾ, ਇਹ ਵੀ ਗੁਰੂ ਕਿਆਂ ਦਾ ਇੱਕ ਵੱਡਾ ਪ੍ਰਤਾਪ ਸੀ। ਚਾਹੇ ਇਸ ਵਾਰਤਾ ਉਪਰੰਤ ਛੇਵੇਂ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਬਾਬਾ ਅਟੱਲ ਰਾਇ ਸਾਹਿਬ ਜੀ, ਅਕਾਲ ਪੁਰਖ ਦੇ ਚਰਨਾਂ ਵਿੱਚ ਹੁਕਮ ਮੰਨਣ ਦੀ ਕਾਰ ਕਮਾ ਕੇ ਜਗਤ ਜੀਵਾਂ ਨੂੰ ਮਾਰਗ ਦਿਖਾ ਗਏ, ਭਾਣੇ ਵਿੱਚ ਰਹਿ ਕੇ ਆਪਣੇ ਸਰੀਰ ਨੂੰ ਕਰਤਾਰ ਦੀ ਭੇਟ ਧਰ ਗਏ, ਪਰ ਉਨ੍ਹਾਂ ਦਾ ਵਰਤਦਾ ਪ੍ਰਤਾਪ, ਪਵਿੱਤਰ ਕਮਾਈ ਤੋਂ ਵਰਤਦੀਆਂ ਇਲਾਹੀ ਰਿਸ਼ਮਾਂ ਸੰਸਾਰੀ ਜੀਵਾਂ ਨੂੰ ਉਦੋਂ ਤੋਂ ਹੀ ਸੁੱਖ ਪ੍ਰਦਾਨ ਕਰਦੀਆਂ ਹੀ ਆਈਆਂ ਹਨ ਤੇ ਕਰਦੀਆਂ ਹੀ ਰਹਿਣਗੀਆਂ, ਪਰ ਸਿਦਕ ਭਰੋਸੇ ਵਾਲੇ ਸਤਿਪੁਰਸ਼, ਗੁਰੂ ਸਵਾਰਿਆਂ ਰਾਹੀਂ ਹੀ ਇਸ ਪਿਆਰ ਦੇ ਵਲਵਲੇ ਦਾ ਅਹਿਸਾਸ ਪ੍ਰਤੀਤ ਹੋਵੇਗਾ ਕਿ ਅੱਜ ਵੀ ਗੁਰੂ ਸਾਹਿਬਾਨ, ਗੁਰੂ ਕੇ ਸਪੁੱਤਰ ਵੀ ਕਿਵੇਂ ਕਿਰਪਾ ਵਰਤਾ ਰਹੇ ਹਨ ਪਰ ਅਜਿਹੀਆਂ ਵਿਰਲੀਆਂ ਰੱਬੀ ਜੋਤ ਵਰਗੀਆਂ ਰੂਹਾਂ ਤੋਂ ਕਿਰਪਾ ਲੈਣ ਦੀ ਜੁਗਤ, ਕਿਸੇ ਬਖਸ਼ੇ ਹੋਏ ਮਹਾਂਪੁਰਖ ਦੁਆਰਾ ਹੀ ਸਿੱਖਣੀ ਪਵੇਗੀ।

ਧੰਨ ਧੰਨ ਬਾਬਾ ਅਟੱਲ ਰਾਇ ਸਹਿਬ ਜੀ ਦੇ ਚਰਨਾਂ ਨਾਲ ਧੰਨ ਬਾਬਾ ਕੁੰਦਨ ਸਿੰਘ ਜੀ ਦਾ ਅਥਾਹ ਪਿਆਰ ਸੀ। ਗੁਰੂ ਘਰ ਦੇ ਸੰਤ ਸੇਵੀ ਨਿਸ਼ਕਾਮ ਕੀਰਤਨੀਏ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਇੱਕ ਵਾਰ ਧੰਨ ਬਾਬਾ ਕੁੰਦਨ ਸਿੰਘ ਜੀ ਦਾ ਸਰੀਰ ਢਿੱਲਾ ਹੋਣ ਕਾਰਨ ਉਨ੍ਹਾਂ ਦੀ ਸਿਹਤਯਾਬੀ ਵਾਸਤੇ ਸੰਗਤਾਂ ਕੋਲੋਂ ਨੇਮ ਕਰਵਾ ਕੇ ਸਾਰੀ ਨੇਮ ਦੀ ਹਾਜ਼ਰੀ ਭੇਟਾ ਰੂਪ ਵਿੱਚ ਹਾਜ਼ਰੀ ਲਗਵਾ ਕੇ ਮਹਾਂਪੁਰਸ਼ਾਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਸਨ। ਨਾਲ ਹੀ ਬਾਬਾ ਜੀ ਨੇ ਬਚਨ ਫ਼ਰਮਾਏ, "ਭਾਈ! ਸਾਡੀ ਦੇਹ ਅਰੋਗਤਾ ਦੀ ਅਰਦਾਸ ਤੂੰ ਬਾਬਾ ਅਟੱਲ ਰਾਇ ਸਾਹਿਬ ਜੀ ਦੇ ਅਸਥਾਨ 'ਤੇ ਪੰਜ ਸਿੰਘਾਂ ਨਾਲ ਦੇਗ ਲੈ ਕੇ ਕਰਕੇ ਆਵੀਂ ਤੇ ਸਾਡੇ ਵੱਲੋਂ ਬਾਬਾ ਜੀ ਦੇ ਹਜ਼ੂਰ ਇਉਂ ਅਰਦਾਸ ਕਰੀਂ, ਬਾਬਾ ਅਟੱਲ ਰਾਇ ਸਾਹਿਬ ਜੀਉ! "ਜਿਵੇਂ ਮੋਹਨ ਨੂੰ ਉਠਾਇਆ ਤਿਵੇਂ ਕੁੰਦਨ ਨੂੰ ਵੀ ਉਠਾ ਕੇ ਸੇਵਾ ਲਵੋ।"

ਬਾਬਾ ਜੀ ਦੀ ਮੁਬਾਰਕ ਰਸਨਾ ਤੋਂ ਐਸੇ ਸੇਵਾ ਦੇ ਚਾਉ ਪ੍ਰਤੀ ਨਿਮਰਤਾ ਦੇ ਬੋਲ ਸੁਣ ਕੇ ਭਾਈ ਸਾਹਿਬ ਜੀ ਦਾ ਵੀ ਅੰਦਰ ਪਸੀਜ ਗਿਆ। ਇਉਂ ਬਚਨ ਕਰਨ ਉਪਰੰਤ, ਬਾਬਾ ਕੁੰਦਨ ਸਿੰਘ ਜੀ ਮਹਾਰਾਜ ਭਾਈ ਸਾਹਿਬ ਜੀ ਨੂੰ ਫੁਰਮਾਉਣ ਲੱਗੇ, "ਜਵਾਨ! ਛੇਵੇਂ ਪਾਤਸ਼ਾਹ ਜੀ ਨੇ ਬਾਬਾ ਅਟੱਲ ਰਾਇ ਸਾਹਿਬ ਜੀ ਨੂੰ ਕਿਹੜੇ ਕਿਹੜੇ ਵਰ ਦਿੱਤੇ ਸਨ?" ਭਾਈ ਸਾਹਿਬ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਬਾਬਾ ਜੀ! ਆਪ ਜੀ ਸੁਮੱਤ ਬਖਸ਼ੋ?" ਬਾਬਾ ਜੀ ਕਹਿੰਦੇ, "ਨਹੀਂ, ਅੱਜ ਤੇਰੇ ਪਾਸੋਂ ਸੁਣਨਾ ਹੈ।" ਜੀ ਸਤਿ ਬਚਨ।

ਭਾਈ ਸਾਹਿਬ ਜੀ ਨਿਮਰਤਾ ਸਹਿਤ ਬਾਬਾ ਜੀ ਦੇ ਹੁਕਮ ਅਨੁਸਾਰ ਸੁਣਾਉਣ ਲੱਗੇ, ਪਹਿਲਾ ਬਚਨ ਛੇਵੇਂ ਪਾਤਸ਼ਾਹ ਜੀ ਨੇ ਫੁਰਮਾਇਆ ਸੀ, ਤੁਸੀਂ ਅੰਮ੍ਰਿਤਸਰ ਸ਼ਹਿਰ ਦੇ ਕੋਤਵਾਲ ਹੋ। ਤੁਹਾਨੂੰ ਇੱਥੋਂ ਦਾ ਮੁੱਖੀ ਥਾਪਿਆ। ਦੂਜਾ ਬਚਨ ਕੀਤਾ ਸੀ, ਤੇਰਾ ਮੰਦਰ (ਦਰ) ਸਭ ਤੋਂ ਉੱਚਾ ਹੋਏਗਾ (ਅੱਜ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਦੀ ਹਰ ਬਿਲਡਿੰਗ ਬਾਬਾ ਅਟੱਲ ਰਾਇ ਜੀ ਦੇ ਦਰ ਤੋਂ ਨੀਵੀਂ ਹੀ ਹੈ।) ਤੀਜਾ ਬਚਨ ਬਖਸ਼ਿਸ਼ ਕੀਤਾ ਸੀ, ਤੇਰੇ ਦਰ 'ਤੇ ਜਿਹੜਾ ਭੁੱਖਾ ਆਏਗਾ, ਰੱਜ ਕੇ ਜਾਏਗਾ।"

ਜਦੋਂ ਤੀਜਾ ਬਚਨ ਭਾਈ ਸਾਹਿਬ ਜੀ, ਬਾਬਾ ਜੀ ਨੂੰ ਸਰਵਣ ਕਰਵਾ ਰਹੇ ਸਨ ਤੇ ਬਾਬਾ ਜੀ ਨਾਲ ਹੀ ਫੁਰਮਾਉਣ ਲੱਗੇ, "ਤਾਂ ਹੀ ਬਾਬਾ ਅਟੱਲ ਰਾਇ ਜੀ ਨੂੰ ਕਹਿੰਦੇ ਨੇ:

***ਬਾਬਾ ਅਟੱਲ ਪੱਕੀਆਂ ਪਕਾਈਆਂ ਘੱਲ।***

ਜੀ ਸਤਿ ਬਚਨ, ਭਾਈ ਸਾਹਿਬ ਜੀ ਨੇ ਆਖਿਆ। ਅੱਗੋਂ ਬਾਬਾ ਜੀ ਕਹਿੰਦੇ, "ਹਾਂ ਅੱਗੇ ਬੋਲ।" ਭਾਈ ਸਾਹਿਬ ਜੀ ਨੇ ਚੌਥਾ ਬਚਨ ਸਰਵਣ ਕਰਵਾਇਆ, "ਅੰਮ੍ਰਿਤਸਰ ਹਰਿਮੰਦਰ ਸਾਹਿਬ ਤੇ ਹੋਰ ਗੁਰ ਅਸਥਾਨਾਂ ਦੀ ਦਰਸ਼ਨ ਯਾਤਰਾ ਉਸੇ ਦੀ ਹੀ ਸਫਲ ਹੋਵੇਗੀ, ਜਿਹੜਾ ਤੇਰੇ ਅਸਥਾਨ 'ਤੇ ਹਾਜ਼ਰੀ ਲਗਾ ਕੇ ਜਾਵੇਗਾ। ਪੰਜਵਾਂ ਬਚਨ ਸੀ, ਅੰਤਿਮ ਸਮੇਂ ਜਿਹੜਾ ਤੇਰੇ ਚਰਨਾਂ ਦਾ ਧਿਆਨ ਕਰਕੇ ਸਰੀਰਕ ਚੋਲਾ ਤਿਆਗੇਗਾ, ਸਿੱਧਾ ਬੈਕੁੰਠ ਵਿੱਚ ਜਾਏ ਵਾਸਾ ਪਾਵੇਗਾ।"

ਹੁਣ ਭਾਈ ਸਾਹਿਬ ਜੀ ਨੇ ਬਾਬਾ ਜੀ ਅੱਗੇ ਫਿਰ ਹੱਥ ਜੋੜ ਲਏ, ਬੇਨਤੀ ਕੀਤੀ, "ਜੀ ਅੱਗੋਂ ਆਪ ਜੀ ਸੁਮੱਤ ਬਖਸ਼ੋ।"

ਬਾਬਾ ਜੀ ਦੇ ਵੀ ਹੱਥ ਜੁੜੇ ਸਨ। ਜਿਵੇਂ ਸੁਰਤੀ ਨਾਲ ਬਾਬਾ ਅਟੱਲ ਰਾਇ ਜੀ ਦੇ ਚਰਨਾਂ 'ਤੇ ਸੀਸ ਧਰ, ਉਨ੍ਹਾਂ ਦੀ ਪਵਿੱਤਰ ਕਮਾਈ ਨੂੰ ਨਮਸਕਾਰ ਕਰ ਰਹੇ ਹੋਣ। ਬਾਬਾ ਜੀ ਭਾਈ ਸਾਹਿਬ ਜੀ ਪਾਸੋਂ ਸਤਿਗੁਰੂ ਛੇਵੇਂ ਪਾਤਸ਼ਾਹ ਜੀ ਦੇ ਦਿੱਤੇ ਹੋਏ, ਬਾਬਾ ਅਟੱਲ ਰਾਇ ਸਾਹਿਬ ਜੀ ਨੂੰ ਵਰ, ਪ੍ਰੇਮ ਰੂਪ ਵਿਥਿਆ ਸਰਵਣ ਕਰਕੇ ਬੇਅੰਤ ਪ੍ਰਸੰਨ ਹੋਏ ਤੇ ਨਾਲ ਹੀ ਬਚਨ ਫੁਰਮਾਏ, "ਹਾਂ! ਤੂੰ ਹੁਣ ਉੱਥੇ ਜਾ ਕੇ ਪੰਜ ਸਿੰਘਾਂ ਨਾਲ ਦੇਗ ਲੈ ਕੇ ਅਰਦਾਸ ਕਰਕੇ ਆਵੀਂ।" ਜੀ ਸਤਿ ਬਚਨ। ਇਤਨੇ ਬਚਨਾਂ ਉਪਰੰਤ ਦੋ ਡੱਬੇ ਲੱਡੂਆਂ ਦਾ ਪ੍ਰਸ਼ਾਦਿ ਭਾਈ ਸਾਹਿਬ ਜੀ ਨੂੰ ਬਖਸ਼ਿਸ਼ ਦੇ ਰੂਪ ਵਿੱਚ ਦੇਣ ਉਪਰੰਤ ਆਗਿਆ ਬਖਸ਼ ਦਿੱਤੀ।

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵਾਪਸ ਸੰਗਤਾਂ ਸਮੇਤ ਅੰਮ੍ਰਿਤਸਰ ਪੁੱਜਣ ਉਪਰੰਤ ਬਾਬਾ ਜੀ ਦੇ ਬਚਨਾਂ ਦੀ ਤਾਕੀਦ ਅਨੁਸਾਰ ਪੰਜ ਸਿੰਘਾਂ ਸਮੇਤ ਬਾਬਾ ਅਟੱਲ ਰਾਇ ਸਾਹਿਬ ਜੀ ਦੇ ਅਸਥਾਨ 'ਤੇ ਪਹੁੰਚੇ। ਬਾਬਾ ਜੀ ਦੀ ਸ਼ੁਭ ਪ੍ਰੇਰਨਾ ਸਦਕੇ ਸਣੇ ਕੇਸੀਂ ਇਸ਼ਨਾਨ ਹਾਜ਼ਰੀ ਲਗਾ, ਜਪੁ ਜੀ ਸਾਹਿਬ ਦੀ ਬਾਣੀ ਦੇ ਪੰਜ ਪਾਠ ਉਪਰੰਤ ਛੇ ਪਉੜੀਆਂ ਅਨੰਦ ਸਾਹਿਬ ਜੀ ਦੀਆਂ ਪ੍ਰੇਮ ਸਹਿਤ ਗੁਰੂ ਚਰਨਾਂ ਨਾਲ ਜੁੜ ਕੇ ਹਾਜ਼ਰੀ ਭਰੀ। ਉਪਰੰਤ ਬਾਬਾ ਜੀ ਦੀ ਸਿਹਤਯਾਬੀ ਲਈ ਜੁਗਤ ਅਨੁਸਾਰ ਹੀ ਪੰਜ ਸਿੰਘਾਂ ਨਾਲ ਦੇਗ ਲੈ ਕੇ ਗਲ ਵਿੱਚ ਪੱਲਾ ਪਾ ਕੇ ਅਰਦਾਸ ਕੀਤੀ ਤੇ ਇਧਰ ਨਾਨਕਸਰ ਵਿਖੇ ਬਾਬਾ ਜੀ ਸਰੀਰਕ ਤੌਰ 'ਤੇ ਪੂਰੇ ਬਲ ਨਾਲ ਸੇਵਾ ਵਿੱਚ ਜੁਟ ਗਏ।

# ਸੇਵਕਾਂ ਨੂੰ ਮਾਤਾ-ਪਿਤਾ ਦਾ ਸਤਿਕਾਰ ਅਤੇ ਅਸੀਸਾਂ ਪ੍ਰਤੀ ਸੁਮੱਤ ਬਖਸ਼ਣੀ

*—ਇਲਾਹੀ ਜੀਵਨ ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦੀ ਪੁਸਤਕ 'ਚੋਂ (ਭਾਗ ਤੀਜਾ)*

ਵੱਡਿਆਂ ਦਾ ਸਤਿਕਾਰ ਕਿਵੇਂ ਕਰਨਾ ਹੈ, ਇਹ ਪੜ੍ਹਾਈ ਧੰਨ ਬਾਬਾ ਕੁੰਦਨ ਸਿੰਘ ਜੀ ਦੇ ਜੀਵਨ ਵਿੱਚੋਂ ਮਿਲਦੀ ਹੈ। ਭਾਈ ਮਲਕੀਤ ਸਿੰਘ ਬਾਬਾ ਜੀ ਦੀ ਹਜ਼ੂਰੀ ਸੇਵਾ ਵਿੱਚ ਰਹਿੰਦੇ ਸਨ ਤੇ ਇਨ੍ਹਾਂ ਦੇ ਪਿਤਾ ਜੀ ਪੂਰਨਮਾਸ਼ੀ ਤੇ ਨਾਨਕਸਰ ਦਰਸ਼ਨਾਂ ਵਾਸਤੇ ਆਉਂਦੇ ਸਨ।

ਇੱਕ ਵਾਰ ਮਲਕੀਤ ਸਿੰਘ ਦੇ ਪਿਤਾ ਆਪਣੀ ਬੇਟੀ ਨਾਲ ਨਾਨਕਸਰ ਦਰਸ਼ਨ ਕਰਨ ਲਈ ਆਏ। ਮਲਕੀਤ ਸਿੰਘ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਪਿਤਾ ਜੀ ਅਤੇ ਛੋਟੀ ਭੈਣ ਦਰਸ਼ਨ ਕਰਨ ਲਈ ਆਏ ਹਨ। ਬਾਬਾ ਜੀ ਨੇ ਆਗਿਆ ਦੇ ਦਿੱਤੀ, ਅੰਦਰ ਬੁਲਾਉਣ ਦੀ।

ਜਦੋਂ ਉਹ ਦੋਵੇਂ ਪਿਓ-ਧੀ ਅੰਦਰ ਆਏ, ਬਾਬਾ ਜੀ ਦੇ ਹਜ਼ੂਰ ਨਮਸਕਾਰ ਕੀਤੀ। ਬਾਬਾ ਜੀ ਨੇ ਸਾਰੇ ਪਰਿਵਾਰ ਦੀ ਸੁੱਖ ਸਾਂਦ ਪੁੱਛੀ ਤੇ ਧੰਨ ਬਾਬਾ ਕੁੰਦਨ ਸਿੰਘ ਜੀ ਮਲਕੀਤ ਸਿੰਘ ਨੂੰ ਕਹਿਣ ਲੱਗੇ ਕਿ ਕੀ ਤੂੰ ਆਪਣੇ ਪਿਤਾ ਜੀ ਦੇ ਪੈਰੀਂ ਹੱਥ ਲਗਾਏ ਹਨ? ਉਹਨੇ ਨਾਂਹ ਵਿੱਚ ਸਿਰ ਹਿਲਾਇਆ। ਬਾਬਾ ਜੀ ਨੇ ਸੁਮੱਤ ਦਿੱਤੀ, ਕਹਿਣ ਲੱਗੇ ਕਿ ਪਹਿਲਾਂ ਆਪਣੇ ਪਿਤਾ ਜੀ ਦੇ ਪੈਰੀਂ ਹੱਥ ਲਗਾ। ਉਹਨੇ ਪੈਰੀਂ ਹੱਥ ਲਗਾਏ, ਪੈਰ ਛੂਹੇ ਤੇ ਫਿਰ ਬਾਬਾ ਜੀ ਨੇ ਸੁਮੱਤ ਬਖਸ਼ੀ। ਕਹਿਣ ਲੱਗੇ, "ਨਿਰੰਕਾਰ ਦੇ ਹੁਕਮ ਨਾਲ ਸਾਨੂੰ ਸਾਡੇ ਮਾਤਾ-ਪਿਤਾ ਨੇ ਸੰਸਾਰ ਵਿਖਾਇਆ ਹੈ। ਨਿਰੰਕਾਰ ਤੋਂ ਬਾਅਦ ਅਸੀਂ ਦੂਜੀ ਥਾਂ ਆਪਣੇ ਮਾਤਾ-ਪਿਤਾ ਦੇ ਹਮੇਸ਼ਾ ਰਿਣੀ ਹਾਂ। ਅੱਜ ਜੋ ਅਸੀਂ ਸੰਸਾਰ ਦੇ ਹਰ ਰੰਗ ਨੂੰ ਮਾਣ ਰਹੇ ਹਾਂ, ਇਹ ਕੁਦਰਤ ਦੇ ਕਰਿਸ਼ਮੇ ਅਸੀਂ ਮਾਤਾ-ਪਿਤਾ ਦੀ ਦੇਣ ਤੋਂ ਬਿਨਾਂ ਨਹੀਂ ਵੇਖ ਸਕਦੇ ਸਾਂ। ਜੇਕਰ ਤੂੰ ਅੱਜ ਇਸ ਗੁਰਮੁੱਖ ਦੇ ਘਰ ਜਨਮ ਲੈਣ ਦੀ ਬਜਾਏ, ਕਿਤੇ ਹੋਰ ਜਨਮ ਲੈ ਲੈਂਦਾ ਤਾਂ ਸ਼ਾਇਦ ਤੈਨੂੰ ਨਾਨਕਸਰ ਦੀ ਧਰਤੀ 'ਤੇ ਆਉਣਾ ਵੀ ਨਸੀਬ ਨਾ ਹੁੰਦਾ। ਨਾਨਕਸਰ ਰਹਿ ਕੇ ਸੇਵਾ ਕਰਨੀ, ਕਥਾ ਕੀਰਤਨ ਸੁਣਨਾ, ਰੱਬੀ ਸਾਜ਼ ਵਜਾਉਣੇ ਸ਼ਾਇਦ ਇਹ ਤੈਨੂੰ ਨਾ ਮਿਲਦੇ, ਤਾਂ ਤੂੰ ਕਿਵੇਂ ਮਹਿਸੂਸ ਕਰਦਾ? ਮਾਂ ਦੇ ਪੇਟ ਵਿੱਚ ਨੌਂ ਮਹੀਨੇ ਰਹਿਣ ਦਾ ਅਸੀਂ ਦੇਣ ਨਹੀਂ ਦੇ ਸਕਦੇ। ਬਚਪਨ ਦੀਆਂ ਪਾਲਣ ਪੋਸਣ ਵਾਲੀਆਂ ਗੱਲਾਂ ਅਸੀਂ ਭੁੱਲ ਸਕਦੇ ਹਾਂ, ਪਰ ਮਾਂ ਆਪਣੇ ਮੂੰਹ ਵਿੱਚੋਂ ਬੁਰਕੀਆਂ ਕੱਢ ਕੇ ਬੱਚੇ ਨੂੰ ਦਿੰਦੀ ਹੈ, ਕੀ ਉਸ ਦਾ ਅਹਿਸਾਨ (ਕਰਜ਼) ਅਸੀਂ ਚੁਕਾ ਸਕਦੇ ਹਾਂ? ਮਾਤਾ-ਪਿਤਾ ਦੀ ਸੇਵਾ ਆਦਰ ਸਤਿਕਾਰ ਕਰਨ ਵਾਲਿਆਂ ਉੱਤੇ ਅਕਾਲ ਪੁਰਖ ਵਾਹਿਗੁਰੂ ਦੀਆਂ ਬੇਅੰਤ ਬਖਸ਼ਿਸ਼ਾਂ ਹੁੰਦੀਆਂ ਹਨ। ਜੀਵਨ ਦੇ ਕਿਸੇ ਵੀ ਖੇਤਰ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਪਹਿਲਾ ਕਾਇਦਾ ਹੀ ਇਹ ਹੈ ਕਿ ਮਾਤਾ-ਪਿਤਾ ਦੀ ਅਸੀਸ ਲੈ ਲਵੋ। ਤਾਂ ਹੀ ਮਾਤਾ-ਪਿਤਾ ਨੂੰ ਰੱਬ ਦਾ ਰੂਪ ਕਹਿੰਦੇ ਹਨ।"

# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ ਨਾਜ਼ਰ ਸਮਝ ਕੇ ਧੰਨ ਬਾਬਾ ਕੁੰਦਨ ਸਿੰਘ ਜੀ ਦੀ ਸਮਰਪਣ ਭਾਵਨਾ ਦੀ ਸੇਵਾ ਦੀਆਂ ਝਲਕੀਆਂ

*—ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ ਪੁਸਤਕ 'ਚੋਂ (ਭਾਗ ਚੌਥਾ)*

ਇੱਕ ਦਿਨ ਦਾ ਸਮਾਂ, ਸ਼ਾਮ ਦੇ ਵਕਤ ਗੁਰੂ ਸਾਹਿਬ ਜੀ ਦੀ ਸੇਵਾ ਨਿਭਾ ਕੇ ਬਾਬਾ ਜੀ ਲੁਧਿਆਣੇ ਠਾਠ 'ਤੇ ਜਾਣ ਲਈ ਨਾਨਕਸਰ ਤੋਂ ਚਾਲੇ ਪਾ ਦਿੱਤੇ।

ਇਧਰ ਲੁਧਿਆਣੇ ਨਾਨਕਸਰ ਅਸਥਾਨ 'ਤੇ ਵੀ ਉਸ ਸਮੇਂ ਸਤਿਗੁਰੂ ਜੀ ਦੇ ਪ੍ਰਕਾਸ਼ ਦੀ ਸੇਵਾ ਹੋ ਰਹੀ ਸੀ। ਬਾਹਰ ਬਾਬਾ ਜੀ ਦੀਆਂ ਗੱਡੀਆਂ ਪਹੁੰਚ ਗਈਆਂ। ਇਧਰ ਰਾਜਾ ਸਿੰਘ ਸਤਿਗੁਰੂ ਜੀ ਦੇ ਪ੍ਰਕਾਸ਼ ਉਪਰੰਤ ਕਾਹਲੀ ਵਿੱਚ ਹੇਠਲੀ ਚਿੱਟੀ ਚਾਦਰ ਗੁਰੂ ਸਾਹਿਬ ਜੀ ਦੇ ਉੱਪਰ ਪਾਉਣੀ ਭੁੱਲ ਗਿਆ ਤੇ ਜਲਦੀ ਨਾਲ ਰੁਮਾਲਾ ਪਾ ਕੇ ਸੱਚਖੰਡ ਵਿੱਚੋਂ ਬਾਹਰ ਆਣ, ਬਾਬਾ ਜੀ ਦੇ ਅੱਗੇ ਨਮਸਕਾਰ ਕਰਕੇ ਹਾਜ਼ਰ ਹੋ ਗਿਆ। ਧੰਨ ਬਾਬਾ ਕੁੰਦਨ ਸਿੰਘ ਜੀ ਜਿਨ੍ਹਾਂ ਦੇ ਹਿਰਦੇ 'ਤੇ ਹਰ ਪਲ ਹਰ ਸਵਾਸ ਨਾਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਰਮਿਆ ਹੋਇਆ ਸੀ, ਬਾਬਾ ਜੀ ਸਤਿਗੁਰਾਂ ਦੇ ਸਤਿਕਾਰ ਵਿੱਚ ਕਿਤੇ ਮਾਮੂਲੀ ਜਿਹੀ ਵੀ ਕੋਈ ਕੁਤਾਹੀ ਦੀ ਕੋਈ ਗੁੰਜਾਇਸ਼ ਨਹੀਂ ਸੀ ਰਹਿਣ ਦਿੰਦੇ। ਦਰਸ਼ਨੀ ਰੁਮਾਲੇ ਤੋਂ ਪਹਿਲਾਂ ਪਾਈ ਜਾਣ ਵਾਲੀ ਮੁਲਾਇਮ ਚਿੱਟੀ ਚਾਦਰ ਸੇਵਾਦਾਰ ਪਾਸੋਂ ਪਾਉਣੀ ਭੁੱਲ ਜਾਣ ਤੇ ਅੰਤਰਜਾਮੀ ਮਹਾਂਪੁਰਖਾਂ ਨੇ ਨਾਲ ਹੀ ਪਿਆਰ ਵਿੱਚ ਆਖਿਆ, "ਭਲੇ ਪੁਰਖਾ! ਪਹਿਲਾਂ ਸਤਿਗੁਰਾਂ 'ਤੇ ਹੇਠਲਾ ਚਿੱਟਾ ਰੁਮਾਲਾ ਪਾ ਕੇ ਆ, ਸਤਿਗੁਰਾਂ ਦੇ ਸਤਿਕਾਰ ਵਿੱਚ ਇਹ ਢਿੱਲ ਕਿਉਂ? ਯਾਦ ਆਇਆ, ਜਲਦੀ ਨਾਲ ਉਪਰਲਾ ਦਰਸ਼ਨੀ ਰੁਮਾਲਾ ਪਾ ਕੇ ਕਾਹਲੀ ਵਿੱਚ ਆ ਗਿਆ ਹਾਂ, ਹੇਠਲਾ ਚਿੱਟਾ ਰੁਮਾਲਾ ਸਤਿਗੁਰਾਂ 'ਤੇ ਪ੍ਰਕਾਸ਼ ਦੀ ਸੇਵਾ ਸਮੇਂ ਮੈਂ ਪਾਇਆ ਹੀ ਨਹੀਂ। ਜਲਦੀ ਨਾਲ ਮੁੜ ਜਾ ਕੇ ਚਿੱਟਾ ਰੁਮਾਲਾ ਵੀ ਠੀਕ ਤਰ੍ਹਾਂ ਨਾਲ ਪਾਇਆ, ਦਰਸ਼ਨੀ ਰੁਮਾਲਾ ਪਾ ਕੇ ਉੱਪਰ ਸੁੰਦਰ ਸਿਹਰਾ ਸੁਸ਼ੋਭਿਤ ਕੀਤਾ। ਬਾਬਾ ਜੀ ਪਾਸ ਹੁਣ ਵਾਪਸ ਆਉਣ ਤੇ ਮੋਹਰ ਲੱਗੀ, ਹਾਂ ਹੁਣ ਬਹੁਤ ਸੋਹਣੀ ਤਰ੍ਹਾਂ ਸੇਵਾ ਤੇ ਗੁਰੂ ਦਰਸ਼ਨਾਂ ਦੀ ਮਿਹਰ ਵਰਤ ਰਹੀ ਹੈ। ਅੱਗੇ ਲਈ ਵੀ ਹਦਾਇਤ ਹੋਈ, ਸਤਿਗੁਰਾਂ ਦੇ ਪ੍ਰਕਾਸ਼ ਕਰਨ, ਬਿਰਾਜਮਾਨ ਕਰਨ ਸਮੇਂ ਦੀ ਸੇਵਾ, ਕਿਧਰੇ ਸੇਵਾ ਦੌਰਾਨ ਕਮਰਕੱਸੇ ਵਿੱਚ, ਰੁਮਾਲਿਆਂ ਵਿੱਚ ਵੱਟ ਨਾ ਰਹੇ। ਸਾਰੀ ਸੇਵਾ ਪੂਰੀ ਸਾਵਧਾਨਤਾ ਨਾਲ, ਪ੍ਰੇਮ ਵਿੱਚ ਚਾਉ ਵਿੱਚ ਨਿਭਾਉਣੀ ਏ। ਜਿਨ੍ਹਾਂ ਦਾ ਆਪਣਾ ਅੰਦਰ ਚਾਉ ਤੇ ਪਿਆਰ ਵਿੱਚ ਰੰਗਿਆ ਹੋਇਆ ਸੀ, ਉਨ੍ਹਾਂ ਸੇਵਕ ਤਾਂਈ ਵੀ ਚਾਉ ਪਿਆਰ ਸੁਚੇਚਤਾ ਹੋਰ ਭਰ ਦਿੱਤੀ।

ਨਾਨਕਸਰ ਵਿਖੇ ਜੇਕਰ ਕਿਸੇ ਸਮੇਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਭੋਗ ਲਗਵਾਉਣ ਵੇਲੇ ਬਾਬਾ ਭਜਨ ਸਿੰਘ ਜੀ ਵੱਡੇ, ਸਤਿਗੁਰਾਂ ਦੇ ਥਾਲ ਵਿੱਚ ਨਾਲ ਚਮਚ ਰੱਖਣਾ ਭੁੱਲ ਗਏ ਤਾਂ ਅੰਤਰਯਾਮੀ ਮਹਾਂਪੁਰਖ ਧੰਨ ਬਾਬਾ ਕੁੰਦਨ ਸਿੰਘ ਜੀ ਮਹਾਰਾਜ ਆਪਣੇ ਆਸਣ 'ਤੇ ਬੈਠੇ ਹੋਏ ਤੇ ਸੁਰਤੀ ਕਰਕੇ ਹਰ ਸਮੇਂ ਸੇਵਾ ਵਿੱਚ ਅਨੰਦ ਮਗਨ ਤੇ ਗੁਰੂ ਨਾਲ ਇਕਮਿਕ ਹੋਏ, ਉਸੇ ਸਮੇਂ

ਬਾਬਾ ਭਜਨ ਸਿੰਘ ਜੀ (ਵੱਡੇ) ਨੂੰ ਸੇਵਾਦਾਰ ਰਾਹੀਂ ਸੁਨੇਹਾ ਭੇਜਦੇ ਹਨ ਕਿ ਸਤਿਗੁਰਾਂ ਦੇ ਸਜਾਏ ਥਾਲ ਵਿੱਚ ਸਤਿਗੁਰੂ ਜੀ ਦੇ ਪ੍ਰਸ਼ਾਦਾ ਛਕਣ ਲਈ ਚਮਚਾ ਨਾਲ ਨਹੀਂ ਰੱਖਿਆ ਹੈ। ਥਾਲ ਵਿੱਚ ਚਮਚਾ ਨਾਲ ਰੱਖੋ। ਭੋਗ ਲਗਾਉਣ ਦੀ ਸੇਵਾ ਉਪਰੰਤ ਵੀ ਬਾਬਾ ਭਜਨ ਸਿੰਘ ਜੀ ਨੂੰ ਸੁਮੱਤ ਬਖਸ਼ਦੇ ਹਨ। ਸਤਿਗੁਰਾਂ ਦੀ ਸੇਵਾ ਸਮੇਂ ਪੂਰੀ ਸੁਚੇਚਤਾ, ਪ੍ਰੇਮ, ਸਤਿਕਾਰ, ਸੁੱਚਮਤਾ ਦਾ ਧਿਆਨ ਰੱਖਣਾ ਅਤਿ ਜ਼ਰੂਰੀ ਹੈ। ਪੂਰਨ ਮਹਾਂਪੁਰਸ਼ਾਂ ਦੀ ਸੰਗਤ ਤੋਂ ਬਿਨਾਂ ਇਹ ਗੁਣ ਜਗਿਆਸੂ ਵਿੱਚ ਨਹੀਂ ਆਉਂਦੇ।

ਨਿਮਰਤਾ ਤੇ ਸੇਵਾ ਦੀ ਮੂਰਤ ਬਾਬਾ ਕੁੰਦਨ ਸਿੰਘ ਜੀ ਮਹਾਰਾਜ ਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਕੈਸਾ ਪਿਆਰ ਪਾਇਆ ਕਿ ਆਪਣਾ ਤਨ, ਮਨ ਤੇ ਧਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੇਖੇ ਲਗਾਇਆ ਹੋਇਆ ਸੀ। ਮਾਘ ਦੇ ਮਹੀਨੇ ਵਿੱਚ ਪਿਆਰੇ ਬਾਬਾ ਜੀ ਚੁਬਾਰੇ ਵਿੱਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸਤਿਗੁਰਾਂ ਦੇ ਇਕੱਲੇ ਇਕੱਲੇ ਅੰਗ ਦੀ ਮਲਮਲ ਦੇ ਰੁਮਾਲ ਨਾਲ ਸੇਵਾ ਕਰੀ ਜਾਣੀ ਤੇ ਸਤਿਗੁਰਾਂ ਤੋਂ ਬਲਿਹਾਰੇ ਜਾਣਾ :

***ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ***
***ਜੋ ਅੰਮ੍ਰਿਤ ਬਚਨ ਸੁਣਾਵੈ ॥***
***ਨਾਨਕ ਭਾਗ ਭਲੇ ਤਿਸੁ ਜਨ ਕੇ***
***ਜੋ ਹਰਿ ਚਰਣੀ ਚਿਤੁ ਲਾਵੈ ॥੫॥੪॥***

***(ਅੰਗ ੧੨੬੪)***

ਇਹ ਪਿਆਰੇ ਮਾਲਕ ਨਾਲ ਸੱਚਾ ਪਿਆਰ ਹੈ। ਇੱਕ ਦਿਨ ਬਾਬਾ ਕੁੰਦਨ ਸਿੰਘ ਜੀ ਮਹਾਰਾਜ ਇਹ ਸੇਵਾ ਨਿਭਾਅ ਰਹੇ ਸਨ ਤੇ ਕੋਲ ਬਾਬਾ ਜੋਗਿੰਦਰ ਸਿੰਘ ਸਾਧ ਜੀ, ਸੰਤ ਗੁਰਮੇਲ ਸਿੰਘ ਜੀ ਤੇ ਹੋਰ ਵੀ ਸੇਵਾਦਾਰ ਬੈਠੇ ਸਨ। ਸਤਿਗੁਰਾਂ ਦੀ ਸੇਵਾ ਕਰਦਿਆਂ ਜਦੋਂ ਮੱਧ ਕੁ ਤੱਕ (ਅੰਗਾਂ ਦੀ ਸੇਵਾ) ਹੋ ਚੁੱਕੀ ਸੀ ਤਾਂ ਬਾਬਾ ਜੀ ਚਿੱਟਾ ਦਰਸ਼ਨੀ ਰੁਮਾਲਾ ਸਤਿਗੁਰਾਂ ਉੱਪਰ ਪਾਉਣ ਲੱਗੇ ਤਾਂ ਕੋਲੋਂ ਦੀ ਇੱਕ ਤਾਰ ਲੰਘਦੀ ਉੱਪਰ ਬੈਠਾ ਇੱਕ ਤੋਤਾ ਆਪਣੀ ਬੋਲੀ ਵਿੱਚ ਟੈਂ ਟੈਂ ਕਰਨ ਲੱਗ ਪਿਆ। ਬਾਬਾ ਕੁੰਦਨ ਸਿੰਘ ਜੀ ਬਾਬਾ ਜੋਗਿੰਦਰ ਸਿੰਘ ਸਾਧ ਜੀ ਨੂੰ ਕਹਿਣ ਲੱਗੇ, ਸਾਧਾ, ਇਹ ਤੋਤਾ ਕੀ ਬੋਲਦਾ ਹੈ ਬਾਬਾ ਜੋਗਿੰਦਰ ਸਿੰਘ ਸਾਧ ਜੀ ਕਹਿਣ ਲੱਗੇ, ਬਾਬਾ ਜੀ! ਆਪ ਹੀ ਸੁਮੱਤ ਬਖਸ਼ੋ! ਬਾਬਾ ਜੀ ਨੇ



**ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਇਕੱਲੇ ਇਕੱਲੇ ਅੰਗ ਦੀ ਮਲਮਲ ਦੇ ਰੁਮਾਲ ਨਾਲ ਸੇਵਾ ਕਰਦੇ ਹੋਏ ਧੰਨ ਬਾਬਾ ਕੁੰਦਨ ਸਿੰਘ ਜੀ**

*—ਬਾਕੀ ਹਿੱਸਾ ਪੰਨਾ 29 'ਤੇ ਪੜ੍ਹੋ ਜੀ*

# ਅਨਮੋਲ ਬਚਨ

## ਧੰਨ ਧੰਨ ਬਾਬਾ ਕੁੰਦਨ ਸਿੰਘ ਜੀ (ਨਾਨਕਸਰ ਕਲੇਰਾਂ ਵਾਲੇ)

*ਸੰਗ੍ਰਹਿ ਕਰਤਾ -ਸੰਪਾਦਕ*

ਕੀਰਤਨੀਆ ਕੀਰਤਨ ਕਰਨ ਤੋਂ ਪਹਿਲਾਂ ਕੋਸ਼ਿਸ਼ ਕਰੇ ਕਿ ਇੱਕ ਪਾਠ ਜਪੁ ਜੀ ਸਾਹਿਬ ਦੀ ਹਾਜ਼ਰੀ ਲਗਾ ਕੇ ਅਰਦਾਸ ਕਰਕੇ ਕੀਰਤਨ ਕਰੇ ਤੇ ਕੀਰਤਨ ਉਪਰੰਤ ਜਪੁ ਜੀ ਸਾਹਿਬ ਦਾ ਪਾਠ ਕਰਕੇ ਸ਼ੁਕਰਾਨਾ ਕਰੇ।

ਜਗਿਆਸੂ ਨੂੰ ਗੁਰਮਤਿ ਦੇ ਰਾਹ 'ਤੇ ਤੁਰਦਿਆਂ ਹਾਥੀ ਦੀ ਚਾਲ ਚੱਲਣੀ ਚਾਹੀਦੀ ਹੈ।

ਜਿਵੇਂ ਗੰਦਗੀ ਦੀ ਢੇਰੀ ਫਰੋਲਣੀ ਨਹੀਂ ਮਿੱਟੀ ਪਾ ਦੇਣੀ ਹੈ। ਇਵੇਂ ਕਿਸੇ ਦੇ ਔਗੁਣ ਫਰੋਲਣੇ ਨਹੀਂ, ਦੇਖ ਕੇ ਅਣਡਿੱਠ ਕਰ ਦੇਣੇ ਹਨ।

ਦੋ ਬੰਦਿਆਂ ਦੇ ਲੇਖ ਨਹੀਂ ਬਦਲਦੇ, ਇੱਕ ਚੁਫੇਰੇ ਦੇ ਤੇ ਦੂਜਾ ਹੰਕਾਰੀ ਦੇ।

# ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦਾ ਸੰਖੇਪ ਜੀਵਨ



*—ਭਾਈ ਅੰਮ੍ਰਿਤਪਾਲ ਸਿੰਘ*

*ਭਾਗਠੜੇ ਹਰਿ ਸੰਤ ਤੁਮ੍ਾਰੇ*
*ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ*
*ਸਫਲ ਤਿਨਾ ਕੇ ਕਾਮਾ ॥੧॥*

*(ਅੰਗ ੭੪੯)*

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਨਿਰੰਕਾਰ ਸਰੂਪ ਸੱਚੇ ਪਾਤਸ਼ਾਹ ਜੀ ਦੇ ਪਿਆਰੇ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਥਾਹ ਅਦਬ ਆਪਣੇ ਅੰਦਰ ਸਮੋਈ ਬੈਠੇ, ਪੂਰਨ ਬ੍ਰਹਮ ਗਿਆਨੀ ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਜਿਨ੍ਹਾਂ ਨੂੰ ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਦੀ ਹਜ਼ੂਰੀ ਸੇਵਾ ਤਕਰੀਬਨ 13 ਸਾਲ ਤੇ ਪਿਆਰੇ ਮੁਰਸ਼ਦ ਬਾਬਾ ਈਸ਼ਰ ਸਿੰਘ ਜੀ ਵੱਲੋਂ ਬਾਹਰ ਸਿੱਖੀ ਪ੍ਰਚਾਰ, ਅੰਮ੍ਰਿਤ ਸੰਚਾਰ ਦੀਆਂ ਸੇਵਾਵਾਂ, ਕੀਰਤਨ ਦੇ ਅਖਾੜੇ ਸਜਾਉਣ ਸਮੇਂ ਬਾਬਾ ਜੀ ਦੇ ਹੁਕਮ ਅਨੁਸਾਰ ਨਾਨਕਸਰ ਵਿਖੇ ਹੀ ਇੱਕ ਸਿਰਫ ਵੱਡੇ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਹਾਜ਼ਰ-ਨਾਜ਼ਰ (ਦਸ ਸਤਿਗੁਰੂ ਸਾਹਿਬਾਨ ਜੀ ਜਾਣ) ਪ੍ਰਤੱਖ ਸਰੂਪ ਜਾਣ ਨਿਭਾਉਂਦਿਆਂ ਤਕਰੀਬਨ 13 ਸਾਲ ਉਹ ਦਰਗਾਹੀ ਸੇਵਾ ਤੇ ਉਪਰੰਤ ਬਾਬਾ ਜੀ ਦੇ ਬ੍ਰਹਮਲੀਨ ਹੋਣ ਤੋਂ ਬਾਅਦ 39 ਸਾਲ ਦਾ ਸਮਾਂ ਵੱਡਮੁੱਲੀਆਂ ਸੇਵਾਵਾਂ ਨਿਭਾਈਆਂ। ਧੰਨ ਬਾਬਾ ਨੰਦ ਸਿੰਘ ਜੀ, ਧੰਨ ਬਾਬਾ ਈਸ਼ਰ ਸਿੰਘ ਜੀ ਦੀ ਹਜ਼ੂਰੀ ਸੇਵਾ ਦਾ ਸਮਾਂ ਤੇ ਬਾਕੀ ਸੇਵਾਵਾਂ ਦਾ ਸਭ ਸਮਾਂ ਤਕਰੀਬਨ 65 ਸਾਲ ਦਾ ਸਮਾਂ ਬਾਬਾ ਕੁੰਦਨ ਸਿੰਘ ਜੀ ਨੇ ਦਰਗਾਹੀ ਨੂਰ ਮਹਾਂਪੁਰਖਾਂ ਨੇ ਨਾਮ ਧਨ ਦੇ ਖਜ਼ਾਨੇ ਲੁੱਟਦਿਆਂ :

*ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥*

*(ਅੰਗ ੨੯੦)*

ਦਾ ਵਪਾਰ ਕਰਦਿਆਂ ਪਰਉਪਕਾਰੀ ਜੀਵਨ ਕਮਾ ਕੇ ਸਫਲੇ ਕੀਤੇ। ਭਾਗਾਂ ਵਾਲੀ ਉਹ ਧਰਤੀ ਪਿੰਡ ਗੱਜਣ ਸਿੰਘ ਵਾਲਾ, ਤਹਿਸੀਲ ਚੂਨੀਆ, ਜ਼ਿਲ੍ਹਾ ਪਾਕਿਸਤਾਨ ਜਿਸ ਨੂੰ ਐਸੇ ਦਰਗਾਹੀ ਮਹਾਂਪੁਰਖ ਦੀ ਚਰਨ ਧੂੜ ਨਸੀਬ ਹੋਈ। ਬਾਬਾ ਜੀ ਦੇ ਜਨਮ ਪ੍ਰਤੀ ਕੁਝ ਸੰਗੀਆਂ ਦੇ ਵਿਚਾਰ ਸਨ ਕਿ ਬਾਬਾ ਜੀ ਦਾ ਜਨਮ 25 ਮਈ 1925 ਨੂੰ ਹੋਇਆ ਪਰ ਬਾਬਾ ਕੁੰਦਨ ਸਿੰਘ ਜੀ ਪ੍ਰੇਮ ਦੇ ਬੱਧੇ ਪਿਆਰੇ ਸੇਵਕ ਸਤ ਸੰਗੀਆਂ ਦੇ ਬੇਨਤੀ ਕਰਨ ਤੇ 13 ਜੇਠ (2001) ਨੂੰ ਗੁਰਦੁਆਰਾ ਨਾਨਕਸਰ, ਨੂਰਵਾਲ, ਲੁਧਿਆਣੇ ਵਿਖੇ ਪਹਿਲੀ ਵਾਰ ਜਨਮ ਦਿਨ ਮਨਾਉਣ ਲਈ ਰਾਜ਼ੀ ਹੋ ਗਏ। ਅੱਜ ਵੀ ਇਹ ਦਿਨ 13 ਜੇਠ ਨੂੰ ਹੀ ਇੱਥੇ ਮਨਾਇਆ ਜਾਂਦਾ ਹੈ।

ਸੰਗਤਾਂ ਦੇ ਚਰਨਾਂ ਵਿੱਚ ਇਹ ਹੋਰ ਸਨਿਮਰ ਬੇਨਤੀ ਕਿ ਕੈਨੇਡਾ ਨਿਵਾਸੀ ਸ੍ਰ. ਅਰਜਨ ਸਿੰਘ

ਜੀ ਨਾਨਕਸਰ ਮਹਾਂਪੁਰਖ ਬਾਬਾ ਹਰਭਜਨ ਸਿੰਘ ਜੀ, ਬਾਬਾ ਸੁਖਦੇਵ ਸਿੰਘ ਦੀਆਂ ਖੁਸ਼ੀਆਂ, ਆਗਿਆ ਲੈ ਪਾਕਿਸਤਾਨ ਜਾ ਕੇ, ਬਾਬਾ ਜੀ ਦੇ ਜਨਮ ਅਸਥਾਨ ਤੋਂ ਵੀ ਹੋ ਕੇ, ਬਾਬਾ ਜੀ ਦੇ ਸਕੂਲ ਵਿੱਚੋਂ ਸਰਟੀਫਿਕੇਟ ਦੁਆਰਾ ਜੋ ਉਨ੍ਹਾਂ ਦੁਆਰਾ ਜਨਮ ਤਾਰੀਖ ਪਤਾ ਕੀਤੀ ਗਈ, ਉਹ 6 ਜੂਨ 1925 ਸੀ। ਸੋ, ਗੱਲ ਕੀ ਹਰ ਇੱਕ ਸਤਸੰਗੀ ਸੇਵਕ ਪਿਆਰੇ ਦਾ ਪਿਆਰ ਬਾਬਾ ਜੀ ਦੇ ਚਰਨਾਂ ਵਿੱਚ ਮੁਬਾਰਕ।

ਬਾਬਾ ਜੀ ਦੇ ਪਰਿਵਾਰਕ ਮੈਂਬਰ: ਕ੍ਰਮਵਾਰ ਵੱਡੇ ਭਰਾਤਾ ਅਵਤਾਰ ਸਿੰਘ ਜੀ, ਦੂਜੇ ਨੰਬਰ ਤੇ ਪਿਆਰੇ ਬਾਬਾ ਜੀ, ਤੀਜੇ ਨੰਬਰ ਤੇ ਭਾਈ ਅਤਰ ਸਿੰਘ ਜੀ ਤੇ ਚੌਥੇ ਨੰਬਰ ਤੇ ਭਾਈ ਭਗਤ ਸਿੰਘ ਜੀ। ਬਾਬਾ ਜੀ ਦੀਆਂ ਤਿੰਨ ਭੈਣਾਂ ਬੀਬੀ ਪ੍ਰੀਤਮ ਕੌਰ ਜੀ ਮੱਲਾਂ ਵਾਲੇ, ਬੀਬੀ ਸੁਮਿਤਰਾ ਕੌਰ ਜੀ ਲੁਧਿਆਣੇ ਤੇ ਤੀਜੇ ਸੁਰਜੀਤ ਕੌਰ ਜੀ ਸੇਧਾਂ ਕਲਾਂ ਵਾਲੇ।

ਬਾਬਾ ਜੀ ਦੇ ਪਿਤਾ ਜੀ ਬਾਬਾ ਠਾਕੁਰ ਸਿੰਘ ਜੀ ਜਿਨ੍ਹਾਂ ਦੀ ਆੜ੍ਹਤੀ ਦੀ ਕਿਰਤ ਕਰਦਿਆਂ ਹਰ ਸਮੇਂ ਸੁਰਤ ਗੁਰੂ ਚਰਨਾਂ ਵਿੱਚ ਭਿੱਜੀ ਹੋਈ ਰਹਿੰਦੀ ਸੀ। ਮਾਤਾ ਕਿਸ਼ਨ ਕੌਰ ਜੀ ਦੀ ਅੰਮ੍ਰਿਤ ਭਰਪੂਰ ਗੋਦ, ਮਿੱਠ ਬੋਲੜਾ ਸੁਭਾਅ, ਹਸੂੰ-ਹਸੂੰ ਕਰਦਾ ਚਿਹਰਾ, ਪਰਿਵਾਰਕ ਮੈਂਬਰਾਂ ਦਾ ਹਰ ਸਮੇਂ ਪੂਰਾ ਧਿਆਨ ਰੱਖਣ ਵਾਲਾ ਨਿਰਮਲ ਸੁਭਾਅ ਜਿਸ ਸਦਕਾ ਐਸੇ ਪੂਜਨੀਕ ਮਾਤਾ ਜੀ ਜਿੱਥੇ ਆਪ ਭਜਨੀਕ ਤੇ ਰੱਬੀ ਰੰਗ ਵਿੱਚ ਜੁੜੀ ਹੋਈ ਆਤਮਾ ਸਨ ਉੱਥੇ ਉਸ ਗੋਦ ਤੋਂ ਜਨਮੀ ਰੱਬੀ ਰੂਹ ਬਾਬਾ ਕੁੰਦਨ ਸਿੰਘ ਜੀ ਵੀ ਬਚਪਨ ਤੋਂ ਹੀ ਹਰ ਸਮੇਂ ਆਪਣੇ ਆਪ ਨੂੰ ਪਰਮੇਸ਼ਰ ਪਰਾਇਣ ਕਰਨ ਵਾਲੇ, ਕਿਤਨੇ ਕਿਤਨੇ ਘੰਟੇ ਸਮਾਧੀ ਇਸਥਿਤ ਰਹਿੰਦੇ ਸਨ।

ਨੇੜੇ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਦਰਬਾਰਾ ਸਿੰਘ ਜੀ ਨਾਲ ਗੂੜਾ ਪਿਆਰ ਪਾ ਕੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਬਾਬਾ ਜੀ ਨੇ ਬਚਪਨ ਵਿੱਚ ਹੀ ਪ੍ਰਾਪਤ ਕਰ ਲਈ ਸੀ। 12 ਸਹਿਜ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪੂਰੀ ਸ਼ੁੱਧਤਾ ਨਾਲ ਆਤਮਿਕ ਆਨੰਦ ਲੈਂਦੇ ਹੋਏ ਬਾਬਾ ਜੀ ਨੇ ਛੋਟੀ ਉਮਰੇ ਹੀ ਆਪ ਕੀਤੇ। ਐਸੇ ਪਿਆਰ ਨੂੰ ਤੱਕਦਿਆਂ ਹੋਇਆਂ ਹੀ ਹਰ ਕੋਈ ਮਾਤਾ ਕਿਸ਼ਨ ਕੌਰ ਜੀ ਨੂੰ ਆਣ ਆਖਦਾ ਸੀ ਕਿਸ਼ਨ ਕੌਰ ਤੇਰਾ ਪੁੱਤਰ ਤਾਂ ਰੱਬ ਦਾ ਹੀ ਰੂਪ ਹੈ। ਭਾਵ ਹਰ ਕੋਈ ਪਿਆਰ ਹੀ ਕਰਦਾ ਸੀ।

ਬਾਬਾ ਜੀ ਨੇ ਦੁਨਿਆਵੀ ਤਾਲੀਮ ਭਾਵ ਪੜ੍ਹਾਈ ਮੁਕਾਮੀ ਪਿੰਡ ਵਿੱਚ ਵਸਦੇ ਮਾਸਟਰ ਬਾਵਾ ਜੀ ਪਾਸੋਂ ਪ੍ਰਾਪਤ ਕੀਤੀ। ਇਹ ਮੁਕਾਮੀ ਪਿੰਡ ਗੱਜਣ ਸਿੰਘ ਵਾਲਾ ਤੋਂ ਦੋ ਕੁ ਮੀਲ ਦੀ ਵਿੱਥ ਤੇ ਹੀ ਸੀ।

ਗੱਜਣ ਸਿੰਘ ਵਾਲਾ ਨਗਰ ਵਿਖੇ 12 ਟਿੱਬੀਆਂ ਦੇ ਸਰਦਾਰ ਰਹਿੰਦੇ ਸਨ ਕਿਉਂਕਿ ਇੱਥੇ 12 ਟਿੱਬੀਆਂ ਸਨ। ਇਹ ਸਾਰੇ ਸਰਦਾਰ ਬਾਬਾ ਜੀ ਦੇ ਨਿਰਮਲ ਤੇ ਮਿੱਠੜੇ ਸੁਭਾਅ ਤੋਂ ਅਤਿ ਪ੍ਰਭਾਵਿਤ ਹੋ ਕੇ ਕੋਮਲ ਹਿਰਦਾ ਤੱਕ ਬਾਬਾ ਜੀ ਨੂੰ ਅਤਿ ਸਤਿਕਾਰ ਤੇ ਪਿਆਰ ਦਿੰਦੇ ਸਨ।

***ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥***
***ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥***

*(ਅੰਗ ੭੮੪)*

ਬਚਪਨ ਸਮੇਂ ਤੋਂ ਹੀ ਬਾਬਾ ਜੀ ਦਾ ਕੋਮਲ ਹਿਰਦਾ ਤੇ ਮਿੱਠ ਬੋਲੜਾ ਸੁਭਾਅ ਐਸਾ ਸੀ ਕਿ ਕਿਧਰੇ ਮਾਤਾ ਜੀ ਨੇ ਕੋਈ ਵਸਤ ਬਾਬਾ ਜੀ ਨੂੰ ਛਕਣ ਵਾਸਤੇ ਦੇਣੀ ਤਾਂ ਮਾਤਾ ਜੀ ਨੂੰ ਕਦੇ ਕੁਝ ਘੱਟ ਵੱਧ ਕਰਨ ਵਾਸਤੇ ਨਹੀਂ ਸਨ ਕਹਿੰਦੇ। ਹਰ ਪਦਾਰਥ ਛਕਣ ਤੋਂ ਪਹਿਲਾਂ ਕੁਝ ਸਾਈਡ ਤੇ ਰੱਖ ਕੇ

ਬਾਹਰ ਕਿਸੇ ਗਰੀਬ ਗਰੀਬੜੇ ਨੂੰ ਛਕਾ ਦੇਣਾ।

ਇੱਕ ਵਾਰ ਘਰੋਂ ਕੰਬਲ ਲੈ ਕੇ ਬਾਹਰ ਚਲੇ ਗਏ। ਅੱਗੇ ਜਾ ਕੇ ਇੱਕ ਮੰਗਤਾ ਮਿਲਿਆ। ਕੀ ਦੇਖਿਆ ਠੰਡ ਦੇ ਦਿਨ ਹਨ। ਉਹ ਮੰਗਤਾ ਠੰਡ ਨਾਲ ਠਰੂੰ-ਠਰੂੰ ਕਰ ਰਿਹਾ ਸੀ। ਬਾਬਾ ਜੀ ਦਾ ਦਿਆਲੂ ਹਿਰਦਾ, ਝਟਪਟ ਉਸੇ ਸਮੇਂ ਆਪਣੇ ਤੋਂ ਕੰਬਲ ਉਤਾਰਿਆ ਤੇ ਉਸ ਮੰਗਤੇ ਦੇ ਉੱਪਰ ਪਾ ਦਿੱਤਾ। ਉਸ ਮੰਗਤੇ ਦੇ ਮੁੱਖੋਂ ਐਸੀ ਪਿਆਰ ਭਰੀ ਅਸੀਸ ਨਿਕਲੀ। ਹੇ ਪਿਆਰਿਆ! ਨਿਰੰਕਾਰ ਤੈਨੂੰ ਸਰਬੱਤ ਖੁਸ਼ੀਆਂ ਦੇਵੇ। ਐਸਾ ਸਮਾਂ ਇੱਕ ਵਾਰ ਨਹੀਂ ਬਹੁਤ ਵਾਰ ਹੋਇਆ, ਦਿਆਲਤਾ ਬਹੁਤ ਵੱਡੀ ਸੀ। ਕੋਈ ਗਰੀਬ ਲੋੜਵੰਦ, ਕੋਈ ਆਇਆ ਅਭਿਆਗਤ ਕਦੇ ਬਾਬਾ ਜੀ ਦੇ ਘਰੋਂ ਵਾਪਸ ਨਹੀਂ ਸੀ ਗਿਆ। ਏਸੇ ਤਰ੍ਹਾਂ ਗੁਰਮੁਖਾਂ ਦੀ ਚਾਲੀ ਬਾਬਾ ਜੀ ਚਲਦੇ ਗਏ।

ਤਕਰੀਬਨ 1937 ਦੇ ਦੌਰਾਨ ਬਾਬਾ ਨੰਦ ਸਿੰਘ ਜੀ ਨੇ ਪਾਕਿਸਤਾਨ ਦੇ ਇਲਾਕਿਆਂ ਵਿੱਚ ਵਿਚਰਦੇ ਹੋਏ ਵੀਰ ਸਿੰਘ ਵਾਲੇ ਜਖੀਰੇ ਵਿੱਚ ਚਰਨ ਪਾਏ। ਪੂਰਨਮਾਸ਼ੀ ਦਾ ਦੀਵਾਨ ਸਜਾਇਆ। ਬਾਬਾ ਕੁੰਦਨ ਸਿੰਘ ਜੀ ਨੂੰ ਇਸ ਸਮੇਂ ਬਾਬਾ ਜੀ ਦੇ ਦਰਸ਼ਨਾਂ ਦਾ ਐਸਾ ਰਸ ਆਇਆ ਕਿ ਬਾਬਾ ਜੀ ਇੱਥੇ ਅੰਮ੍ਰਿਤ ਸੰਚਾਰ ਸਮੇਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਬਾਬਾ ਨੰਦ ਸਿੰਘ ਜੀ ਦੀ ਸੇਵਾ ਵਿੱਚ ਜੁੱਟ ਗਏ। ਬਾਬਾ ਨੰਦ ਸਿੰਘ ਜੀ ਨੇ ਦੇਉ ਦਿਆਲੀ ਪੰਜ ਅਖੰਡ ਪਾਠ ਸਾਹਿਬ ਆਰੰਭ ਕਰਵਾਏ। ਬਾਬਾ ਕੁੰਦਨ ਸਿੰਘ ਜੀ ਦੀਆਂ ਸੇਵਾਵਾਂ ਲੱਗੀਆਂ। ਉਪਰੰਤ ਬਾਬਾ ਨੰਦ ਸਿੰਘ ਜੀ ਨਾਲ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ, ਸਹਿਜ ਸਹਿਜ ਬਾਬਾ ਈਸ਼ਰ ਸਿੰਘ ਜੀ ਨਾਲ ਅਥਾਹ ਪਿਆਰ ਤੇ ਬਾਬਾ ਨੰਦ ਸਿੰਘ ਜੀ ਦੀ ਹਜ਼ੂਰੀ ਸੇਵਾ ਪ੍ਰਾਪਤ ਹੋਣੀ ਜਿਵੇਂ ਕਿ ਬਾਬਾ ਨੰਦ ਸਿੰਘ ਜੀ ਨੂੰ ਇਸ਼ਨਾਨ ਕਰਵਾਉਣਾ। ਬਸਤਰ ਧੋਣੇ। ਗਰਮ ਜਲ ਲਈ ਜੰਗਲ ਵਿੱਚੋਂ ਮੁੱਢੀਆਂ ਪੁੱਟ ਕੇ ਲਿਆਉਣੀਆਂ ਇਤਿਆਦਿਕ ਹਰ ਸੇਵਾ ਪੂਰੇ ਪਿਆਰ ਤੇ ਚਾਅ ਨਾਲ ਨਿਭਾਉਂਦਿਆਂ ਬਾਬਾ ਨੰਦ ਸਿੰਘ ਜੀ ਦੀਆਂ ਬੇਅੰਤ ਖੁਸ਼ੀਆਂ ਮਾਣਨੀਆਂ।

ਸਮਾਂ ਪਿਆ। ਬਾਬਾ ਨੰਦ ਸਿੰਘ ਜੀ ਦੇ ਸੱਚਖੰਡ ਪਿਆਨੇ ਉਪਰੰਤ ਬਾਬਾ ਈਸ਼ਰ ਸਿੰਘ ਜੀ ਨੇ ਬਾਬਾ ਨੰਦ ਸਿੰਘ ਜੀ ਦੇ ਵਿਛੋੜੇ ਵਿੱਚ 1943 ਤੋਂ 1950 ਦਾ ਸਮਾਂ ਪਹਿਲੇ ਛੇ ਕੁ ਮਹੀਨੇ ਦੇਹਰਾਦੂਨ ਦੀ ਧਰਤੀ 'ਤੇ ਅਤੇ ਫਿਰ ਝੋਰੜਾਂ ਨਗਰ ਵਿਖੇ ਭਗਤੀ ਵਿੱਚ ਜੁੜਿਆਂ ਹੋਇਆਂ ਹੀ ਗੁਜ਼ਾਰੇ। ਇਸ ਸਮੇਂ ਵੀ ਬਾਬਾ ਕੁੰਦਨ ਸਿੰਘ ਜੀ ਹਜ਼ੂਰੀ ਸੇਵਾ ਬਹੁਤ ਕਠਿਨਾਈਆਂ ਝਲਦੇ ਹੋਏ ਨਿਭਾਉਂਦੇ ਰਹੇ।

ਦਰਗਾਹੀ ਹੁਕਮ ਅਨੁਸਾਰ ਤੇ ਬਾਬਾ ਨੰਦ ਸਿੰਘ ਜੀ ਦੀ ਪ੍ਰੇਰਨਾ ਤੇ ਜਦ ਬਾਬਾ ਈਸ਼ਰ ਸਿੰਘ ਜੀ 1950 ਵਿੱਚ ਮੁੜ ਨਾਨਕਸਰ ਵਿਖੇ ਆ ਕੇ ਬਿਰਾਜੇ, ਦੀਵਾਨ ਲਗਾਉਣੇ ਆਰੰਭ ਕੀਤੇ, ਅੰਮ੍ਰਿਤ ਸੰਚਾਰ ਕਰਵਾ ਕੇ ਸਿੱਖੀ ਪ੍ਰਚਾਰ ਦੀਆਂ ਸੇਵਾਵਾਂ ਆਰੰਭ ਕੀਤੀਆਂ, ਉਸ ਸਮੇਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੱਡੇ ਸਰੂਪ ਜਿਸ ਸਰੂਪ ਵਿੱਚੋਂ ਬਾਬਾ ਨੰਦ ਸਿੰਘ ਜੀ ਨੂੰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਤੱਖ ਦਰਸ਼ਨ ਹੋਏ ਸਨ ਅਤੇ ਸਤਿਗੁਰੂ ਜੀ ਨੂੰ ਪ੍ਰਸ਼ਾਦੇ ਦਾ ਭੋਗ ਲਗਵਾਇਆ ਸੀ। ਜਿੱਥੇ ਅੱਗੇ ਬਾਬਾ ਈਸ਼ਰ ਸਿੰਘ ਜੀ ਵੀ ਉਹ ਸਤਿਗੁਰੂ ਜੀ ਦਾ ਸਰੂਪ ਹਮੇਸ਼ਾਂ ਆਪਣੇ ਨਾਲ ਹੀ ਰੱਖਦੇ ਸਨ ਉੱਥੇ ਹੁਣ ਬਾਬਾ ਈਸ਼ਰ ਸਿੰਘ ਜੀ ਨੇ ਬਾਬਾ ਕੁੰਦਨ ਸਿੰਘ ਜੀ ਦੀ ਸੇਵਾ ਦੀ ਡਿਊਟੀ ਲਗਾ ਕੇ ਆਖਿਆ ਕਿ ਹੇ ਕੁੰਦਨ! ਚਾਹੇ ਤੇਰਾ ਸਰੀਰ ਲੇਖੇ ਵਿੱਚ ਲੱਗ ਜਾਵੇ ਪਰ ਸਤਿਗੁਰੂ ਜੀ ਦੀ ਸੇਵਾ ਹਾਜ਼ਰ-ਨਾਜ਼ਰ ਜਾਣ ਕੇ ਨਿਭਾਉਣੀ ਹੈ। ਇਹੀ ਸੇਵਾ ਤੈਨੂੰ ਸਭ ਤੋਂ ਉੱਚੇ ਮੁਰਤਬੇ ਦੇਵੇਗੀ।



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚਵਰ ਸਾਹਿਬ ਦੀ ਸੇਵਾ ਕਰਦੇ ਹੋਏ ਧੰਨ ਬਾਬਾ ਕੁੰਦਨ ਸਿੰਘ ਜੀ।

ਬਾਬਾ ਜੀ ਨੇ ਆਪਣੇ ਪਿਆਰੇ ਮੁਰਸ਼ਦ ਦਾ ਹੁਕਮ ਮੰਨ ਕੇ ਫਿਰ ਅਖੀਰਲੇ ਸਵਾਸਾਂ ਤੱਕ ਸਤਿਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਨੂੰ ਹਾਜ਼ਰ-ਨਾਜ਼ਰ ਜਾਣ ਕੇ ਨਿਭਾਇਆ। ਨਾਨਕਸਰ ਅਸਥਾਨ ਦੇ ਮੁੱਖੀ ਹੋਣ ਤੇ ਵੀ ਸਿਰੇ ਦੀ ਗਰੀਬੀ, ਨਿਮਰਤਾ ਕਮਾ ਕੇ ਸਾਰੇ ਸੰਸਾਰ ਲਈ ਇੱਕ ਚਾਨਣ ਮੁਨਾਰਾ ਬਣ ਗਏ।

1963 ਤੋਂ 2002 ਤੱਕ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦੇ ਰਹੇ। ਪੂਰੀ ਕਰਨੀ ਵਾਲਾ ਜੀਵਨ ਕਮਾਇਆ। ਬੇਅੰਤ ਅੰਮ੍ਰਿਤ ਸੰਚਾਰ, ਬੇਅੰਤ ਗੁਰ ਅਸਥਾਨ, ਸਕੂਲ, ਕਾਲਜ ਵਿਦਿਅਕ ਅਦਾਰੇ ਸੰਗਤਾਂ ਦੀ ਸੇਵਾ ਨੂੰ ਸਮਰਪਿਤ ਕੀਤੇ। ਸਭ ਦੀਆਂ ਝੋਲੀਆਂ ਭਰਦੇ ਰਹੇ। ਹਰ ਇੱਕ ਸੰਪਰਦਾ ਦੇ ਸਾਧੂ ਜਨ, ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦਾ ਸਤਿਕਾਰ ਨਿਮਰਤਾ ਦੇ ਪੂਰਨੇ ਪਾ ਕੇ ਕਮਾਇਆ। ਲੱਖਾਂ ਕੌਤਕ ਆਪਣੇ ਆਪ ਵਰਤਦੇ ਸਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦਰਗਾਹੀ ਵੱਡੀ ਸੇਵਾ ਨਿਭਾਉਣ ਤੇ ਧੰਨ ਬਾਬਾ ਕੁੰਦਨ ਸਿੰਘ ਜੀ ਦੇ ਸੁਹਣੇ ਚਰਨਾਂ ਤੋਂ ਬਲਿਹਾਰ।

ਸੋ, ਐਸੀ ਦਰਗਾਹੀ ਹਸਤੀ ਸਮਾਂ ਪਾ ਕੇ ਜਗਤ ਨੂੰ ਠੰਡ ਵਰਤਾਉਂਦੀ ਹੋਈ 1 ਫਰਵਰੀ 2002 ਨੂੰ ਕਰਤੇ ਵਿੱਚ ਜਾ ਬ੍ਰਹਮਲੀਨ ਹੋਈ। ਲੁਧਿਆਣੇ, ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਵਿਖੇ ਸੁਰਤੀ ਕਰਕੇ ਸਤਿਗੁਰੂ ਜੀ ਦੀ ਤਾਬਿਆ ਬੈਠ ਹੁਕਮਨਾਮਾ ਲੈਂਦੇ ਹੋਏ ਇਸ ਸੇਵਾ ਵਿੱਚ ਜਾ ਸਮਾਏ। ਉਪਰੰਤ 3 ਫਰਵਰੀ ਨੂੰ ਨਾਨਕਸਰ ਤੋਂ ਹਰੀਕੇ ਵਿਖੇ ਨਗਰ ਕੀਰਤਨ ਦੇ ਰੂਪ ਵਿੱਚ ਬਾਬਾ ਜੀ ਦਾ ਪੰਜ ਭੂਤਕ ਸਰੀਰ ਲਿਆਂਦਾ ਗਿਆ। ਸਭ ਪਿਆਰ ਵਾਲੀਆਂ ਸੰਗਤਾਂ ਨੂੰ ਦਰਸ਼ਨ ਕਰਵਾ ਕੇ ਹਰੀਕੇ ਦਰਿਆ ਵਿੱਚ ਬਾਬਾ ਜੀ ਦਾ ਪਾਵਨ ਸਰੀਰ ਜਲ ਪ੍ਰਵਾਹ ਕਰ ਦਿੱਤਾ ਗਿਆ। ਜੋਤ ਵਿੱਚ ਜੋਤ ਮਿਲ ਗਈ। ਉਸ ਸਮੇਂ ਨੂੰ ਯਾਦ ਕਰਦਿਆਂ ਅੱਜ ਵੀ ਹਰ ਇੱਕ ਪਿਆਰੇ ਸਤਸੰਗੀ ਜਨ ਦੇ ਨੇਤਰ ਸੇਜਲ ਹੋ ਜਾਂਦੇ ਹਨ। ਸੋ, ਬਾਬਾ ਜੀ ਦੀਆਂ ਵੱਡੀਆਂ ਕਰਨੀਆਂ, ਕਮਾਈਆਂ ਨੂੰ ਕਰੋੜਾਂ ਵਾਰ ਨਮਸਕਾਰ ਨਮਸਕਾਰ। ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਬਾਬਾ ਜੀ ਦੀ 100 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਇਹ ਸੰਖੇਪ ਜੀਵਨ ਦਰਸ਼ਨ ਦਾਸ ਅੰਮ੍ਰਿਤਪਾਲ ਸਿੰਘ ਵੱਲੋਂ ਸੰਗਤਾਂ ਦੀ ਸੇਵਾ ਵਿੱਚ ਭੇਟ ਕੀਤਾ ਜਾਂਦਾ ਹੈ। ਭੁੱਲ ਚੁੱਕ ਦੀ ਖਿਮਾਂ ਬਖਸ਼ਣੀ ਜੀ।

*ਵਾਹਿਗੁਰੂ ਜੀ ਕਾ ਖਾਲਸਾ॥*

*ਵਾਹਿਗੁਰੂ ਜੀ ਕੀ ਫਤਹਿ॥*

❑❑❑

# ਅੰਮ੍ਰਿਤ ਵੇਲੇ ਦੀ ਮਹਾਨਤਾ ਦਰਸਾਉਣ ਵਾਲੇ ਧੰਨ ਬਾਬਾ ਕੁੰਦਨ ਸਿੰਘ ਜੀ

*—ਪਰਮਜੀਤ ਕੌਰ (ਪੰਮਾ ਭੈਣ ਜੀ)*

ਅੰਮ੍ਰਿਤ ਵੇਲਾ ਸਿੱਖ ਦੀ ਜਿੰਦ ਜਾਨ ਹੈ। ਗੁਰੂ ਸਾਹਿਬ ਦਾ ਵੀ ਹੁਕਮ ਹੈ ਕਿ ਕਿਸੇ ਵੀ ਸਿੱਖ ਨੇ ਅੰਮ੍ਰਿਤ ਵੇਲਾ ਨਹੀਂ ਖੁੰਝਾਉਣਾ। ਗੁਰਬਾਣੀ ਵਿੱਚ ਅੰਮ੍ਰਿਤ ਵੇਲੇ ਦੀ ਸੰਭਾਲ ਬਾਰੇ ਗੁਰੂ ਸਾਹਿਬ ਨੇ ਥਾਂ-ਥਾਂ ਤੇ ਸੋਝੀਆਂ ਬਖਸ਼ੀਆਂ ਹਨ।

***ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥***

*(ਅੰਗ ੨)*

ਕਿਤੇ ਕਿਤੇ ਗੁਰੂ ਸਾਹਿਬ ਨੇ ਪ੍ਰਾਕ੍ਰਿਤੀ ਵਿੱਚੋਂ ਮਿਸਾਲਾਂ ਦੇ ਕੇ ਵੀ ਅੰਮ੍ਰਿਤ ਵੇਲੇ ਦੀ ਮਹਿਮਾ ਦਰਸਾਈ ਹੈ:

***ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥***

*(ਅੰਗ ੧੨੮੫)*

ਅੰਮ੍ਰਿਤ ਵੇਲੇ ਦੀ ਸੰਭਾਲ ਕਿਵੇਂ ਕਰਨੀ ਹੈ? ਇਸ ਦੀ ਮਹੱਤਤਾ ਕੀ ਹੈ? ਇਹ ਸਿੱਖਿਆ ਮਹਾਂਪੁਰਖਾਂ ਦੇ ਜੀਵਨ ਵਿੱਚੋਂ ਸਹਿਜੇ ਹੀ ਮਿਲਦੀ ਹੈ। ਆਓ ਜੀ! ਧੰਨ ਬਾਬਾ ਕੁੰਦਨ ਸਿੰਘ ਜੀ ਦਾ ਜੀਵਨ ਪੜ੍ਹੀਏ।

ਧੰਨ ਬਾਬਾ ਕੁੰਦਨ ਸਿੰਘ ਜੀ ਮਹਾਰਾਜ ਅੰਮ੍ਰਿਤ ਵੇਲੇ ਦੇ ਦਰਗਾਹੀ ਸਮੇਂ ਵਿੱਚ ਇੱਕ ਬੱਬਰ ਸ਼ੇਰ ਦੀ ਤਰ੍ਹਾਂ ਫੁਰਤੀਲੇ ਬਣ ਜਾਂਦੇ ਸਨ। ਇਸ ਸਮੇਂ ਸਿਹਤ ਦੀ ਵਿਵਸਥਾ ਐਸੀ ਨਹੀਂ ਸੀ ਹੁੰਦੀ ਜਿਵੇਂ ਸਾਰਾ ਦਿਨ ਨਾਲ ਰਹਿਣ ਵਾਲੇ ਸੇਵਾਦਾਰ, ਸਤਿਸੰਗੀ ਜਨ ਜਾਂ ਦਰਸ਼ਨ ਕਰਨ ਆਈਆਂ ਸੰਗਤਾਂ ਤੱਕਦੀਆਂ ਸਨ। ਇਸ ਸਮੇਂ ਨਾ ਤਾਂ ਬਾਬਾ ਜੀ ਦਾ ਕੋਈ ਹੱਥ ਕੰਬਦਾ ਸੀ, ਨਾ ਕੋਈ ਹੋਰ ਸਰੀਰਕ ਕਮਜ਼ੋਰੀ, ਬੱਸ ਉਤਸ਼ਾਹ ਤੇ ਉਮਾਹ ਨਾਲ ਭਰੇ ਹੁੰਦੇ ਸਨ। ਬਾਬਾ ਜੀ ਦੇ ਚਿਹਰੇ 'ਤੇ ਇਸ ਸਮੇਂ ਇਲਾਹੀ ਨੂਰ ਨਵਾਂ ਚਾਅ ਤੇ ਨਵੀਂ ਖੁਸ਼ੀ ਹੀ ਵੇਖਣ ਨੂੰ ਮਿਲਦੀ ਸੀ ਕਿ ਕਦੋਂ ਜਲਦੀ ਨਾਲ ਜਾ ਕੇ ਸਤਿਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੀਦਾਰ ਪਾਵਾਂਗਾ। ਗੁਰੂ ਦਰਸ਼ਨ ਦਾ ਚਾਉ ਉਮਾਹਾ ਇਸ ਅੰਮ੍ਰਿਤ ਵੇਲੇ ਦੇ ਸਮੇਂ ਅੰਦਰ ਰੱਜ-ਰੱਜ ਕੇ ਭਰਿਆ ਹੁੰਦਾ ਸੀ। ਰਹਿੰਦੇ ਤਾਂ ਭਾਵੇਂ ਹਰ ਪਲ ਹੀ ਉਹ ਬਿਰਤੀ ਕਰਕੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸਨ ਪਰ ਇਸ ਅੰਮ੍ਰਿਤ ਵੇਲੇ ਦੀ ਖਾਸ ਮਹੱਤਤਾ ਜੋ ਸਤਿਗੁਰੂ ਜੀ ਨੇ ਗੁਰਸਿੱਖਾਂ ਨੂੰ ਦਰਸਾਈ ਹੈ। ਉਸ ਦਰਗਾਹੀ ਸਮੇਂ ਦੀ ਸੰਭਾਲ ਤੇ ਇੱਕ ਜਗਤ ਲਈ ਚਾਨਣ ਮੁਨਾਰਾ ਜੀਵਨ ਦਾ ਜ਼ਿਕਰ ਹੋ ਰਿਹਾ ਹੈ। ਆਪਣੇ ਆਸਣ 'ਤੇ ਬੈਠੇ ਅੰਮ੍ਰਿਤ ਵੇਲੇ ਦੇ ਸਮੇਂ ਬਾਬਾ ਜੀ ਦੇ ਰੋਜ਼ਾਨਾ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਅੰਮ੍ਰਿਤ ਵੇਲੇ ਦਾ ਕੀਰਤਨ ਜੋ ਕਿ ਉਸ ਸਮੇਂ ਰੇਡਿਓ ਤੋਂ ਪ੍ਰਸਾਰਣ ਹੁੰਦਾ ਸੀ, ਹਰ ਰੋਜ਼ ਸਰਵਣ ਕਰਨਾ ਤੇ ਉਡੀਕਣਾ ਕਦੋਂ ਮੇਰੇ ਪਿਤਾ ਗੁਰਦੇਵ ਧੰਨ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਪਵਿੱਤਰ ਦਰਬਾਰ ਤੋਂ ਇਲਾਹੀ ਕੀਰਤਨ ਦੀਆਂ ਅਵਾਜ਼ਾਂ ਕੰਨਾਂ ਵਿੱਚ ਪੈਣਗੀਆਂ। ਸ੍ਰੀ ਦਰਬਾਰ ਸਾਹਿਬ ਵਿਖੇ ਸਤਿਗੁਰੂ ਜੀ ਦੀ ਪਾਲਕੀ ਦਾ ਆਉਣਾ, ਹੁਕਮਨਾਮਾ, ਅਰਦਾਸ ਸਰਵਣ ਕਰਕੇ ਫਿਰ ਦੁਬਾਰਾ ਬਾਬਾ ਜੀ ਨੇ ਸਤਿਗੁਰੂ ਜੀ ਦੀਆਂ ਸੇਵਾਵਾਂ ਵਿੱਚ ਹਾਜ਼ਰ ਹੋ ਜਾਣਾ।

❑❑❑

# ਬਾਬਾ ਸੁਖਦੇਵ ਸਿੰਘ ਜੀ ਵੱਲੋਂ ਧੰਨ ਬਾਬਾ ਕੁੰਦਨ ਸਿੰਘ ਜੀ ਦੀਆਂ ਸਿਫਤਾਂ

*—ਭਾਈ ਤੇਜਪਾਲ ਸਿੰਘ*

ਧੰਨ ਬਾਬਾ ਕੁੰਦਨ ਸਿੰਘ ਜੀ ਨਾਨਕਸਰ ਬਿਰਾਜਮਾਨ ਹਨ। ਬਹੁਤ ਸਾਰੀਆਂ ਸੰਗਤਾਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸੁਣ ਸੁਣ ਕੇ ਇਸ ਵਾਸਤੇ ਨਾਨਕਸਰ ਜਾਂਦੀਆਂ ਹਨ ਕਿ ਮਾਲਵੇ ਵਿੱਚ ਇੱਕ ਐਸੇ ਮਹਾਂਪੁਰਸ਼ ਹਨ, ਧੰਨ ਬਾਬਾ ਨੰਦ ਸਿੰਘ ਜੀ ਦੇ ਅਸਥਾਨ ਤੇ ਜਿਨ੍ਹਾਂ ਨੇ ਪੂਰੀ ਜ਼ਿੰਦਗੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿੱਚ ਲਗਾਈ ਹੈ ਤੇ ਬੜੀ ਕਮਾਈ ਵਾਲੇ ਮਹਾਂਪੁਰਸ਼ ਹਨ। ਉਨ੍ਹਾਂ ਦੀਆਂ ਨਦਰਾਂ ਹੀ ਤਾਰਦੀਆਂ ਹਨ। ਉਨ੍ਹਾਂ ਦੇ ਖਜ਼ਾਨੇ ਭਰਪੂਰ ਹਨ। ਜਿਵੇਂ ਜਿਵੇਂ ਕੋਈ ਇੱਕ ਦੂਜੇ ਤੋਂ ਸਿਫਤ ਸੁਣਦਾ ਹੈ, ਉਵੇਂ ਉਵੇਂ ਨਾਨਕਸਰ ਜਾ ਕੇ ਧੰਨ ਬਾਬਾ ਕੁੰਦਨ ਸਿੰਘ ਜੀ ਦੇ ਦਰਸ਼ਨ ਕਰਕੇ ਆਉਂਦਾ ਹੈ ਤੇ ਨਾਲ ਜੋ ਸੁਣਿਆ, ਉਹੀ ਦੇਖਿਆ। ਉਹੀ ਦਰਸ਼ਨ ਕੀਤੇ। ਉਹ ਫਲ ਪ੍ਰਾਪਤ ਹੋਏ।

ਲਾਈਨਾਂ ਲੱਗੀਆਂ ਹੋਈਆਂ ਸਨ, ਬਾਬਾ ਜੀ ਦੇ ਦਰਸ਼ਨਾਂ ਨੂੰ ਤੇ ਜਿਹੜਾ ਵੀ ਆਉਂਦਾ ਸੀ, ਖਾਲੀ ਕੋਈ ਨਹੀਂ ਵਾਪਸ ਜਾਂਦਾ, ਦਾਤਾਂ ਨੂੰ ਲੈ ਕੇ ਵਾਪਸ ਜਾਂਦੇ ਸਨ। ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸੰਗਤ ਨੂੰ ਬਾਬਾ ਜੀ ਖਾਸ ਕਰਕੇ ਤਾਰੀਫ ਕਰਦੇ ਸਨ। ਭਾਈ ਤੁਸੀਂ ਨਾਨਕਸਰ ਆਉਂਦੇ ਹੋ, ਤੁਹਾਨੂੰ ਜੀ ਆਇਆਂ ਨੂੰ। ਤੁਹਾਡੇ ਇੱਕ ਇੱਕ ਕਦਮ ਨੂੰ ਨਮਸਕਾਰ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਵੱਡਾ ਅਸਥਾਨ ਦੁਨੀਆਂ ਵਿੱਚ ਕਿਤੇ ਨਹੀਂ, ਜਿੱਥੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਪ੍ਰਤੱਖ ਵਰਤਦੇ ਹਨ ਤੇ ਉੱਥੇ ਕਿਸੇ ਚੀਜ਼ ਦੀ ਕਮੀ ਨਹੀਂ ਬਖਸ਼ਿਸ਼ਾਂ ਹੀ ਬਖਸ਼ਿਸ਼ਾਂ ਹਨ।

ਅੱਗੋਂ ਲੂਣ ਮੰਡੀ ਦੇ ਸਰਦਾਰ ਜੈ ਰਾਮ ਸਿੰਘ ਜੀ ਬੜੇ ਸੁਲਝੇ ਹੋਏ ਸਨ। ਸਰਦਾਰ ਜੀਵਨ ਸਿੰਘ ਜੀ ਵੀ ਉਨ੍ਹਾਂ ਦੇ ਨਾਲ ਸਨ। ਅੰਮ੍ਰਿਤਸਰ ਤੋਂ ਬਹੁਤ ਸੰਗਤ ਦਰਸ਼ਨਾਂ ਵਾਸਤੇ ਨਾਨਕਸਰ ਬਾਬਾ ਜੀ ਕੋਲ ਜਾਂਦੀ ਸੀ। ਹੁਣ ਵੀ ਜਾਂਦੀ ਹੈ। ਬਾਬਾ ਜੀ ਨੇ ਸਰਦਾਰ ਜੈ ਰਾਮ ਸਿੰਘ ਨੂੰ ਕਿਹਾ ਕਿ ਤੁਸੀਂ ਨਾਨਕਸਰ ਆਏ ਹੋ, ਤੁਹਾਨੂੰ ਜੀ ਆਇਆਂ ਨੂੰ ਪਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਹਰ ਕਿਸੇ ਦੀ ਭਾਵਨਾ ਪੂਰੀ ਕਰਦੇ ਹਨ, ਭਾਵਨਾ ਅਨੁਸਾਰ ਦਾਤਾਂ ਨਾਲ ਨਿਵਾਜਦੇ ਹਨ ਤੇ ਉਸ ਅਸਥਾਨ ਤੋਂ ਉੱਤੇ ਕੋਈ ਅਸਥਾਨ ਨਹੀਂ। ਤੇ ਅੱਗੋਂ ਸਰਦਾਰ ਜੈ ਰਾਮ ਸਿੰਘ ਜੀ ਨਿਮਰਤਾ ਵਿੱਚ ਬੇਨਤੀ ਕਰਨ ਲੱਗੇ ਕਿ ਜਿਵੇਂ ਸਾਨੂੰ ਅੰਦਰੋਂ ਪ੍ਰੇਰਨਾ ਹੋਈ ਹੈ ਕਿ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਹੀ ਭੇਜਿਆ ਹੈ, ਜਾਓ ਮਹਾਂਪੁਰਖਾਂ ਕੋਲ। ਜਿਹੜੀ ਦਾਤ ਤੁਸੀਂ ਚਾਹੁੰਦੇ ਹੋ, ਇਹ ਸਾਡੇ ਸਾਜੇ ਨਿਵਾਜੇ ਸਾਧੂ ਤੁਹਾਨੂੰ ਦੇਣਗੇ ਜਿਨ੍ਹਾਂ ਦੇ ਹਿਰਦੇ ਵਿੱਚ ਅਸੀਂ ਹਰ ਵਕਤ ਹੀ ਵੱਸਦੇ ਹਾਂ।

ਜਿੱਥੇ ਪੂਰਨ ਬ੍ਰਹਮ ਨੇ ਨਿਵਾਸ ਲਿਆ ਹੋਇਆ ਹੈ, ਜਿੱਥੇ ਪਰਮੇਸ਼ਰ ਆਪ ਵੱਸਦਾ ਹੈ। ਜਿਸ ਹਿਰਦੇ ਵਿੱਚ ਵਾਸਾ ਹੋਵੇ, ਉਹ ਨਿਰੰਕਾਰ ਸਰੂਪ ਬਣ ਜਾਂਦੇ ਹਨ। ਧੰਨ ਬਾਬਾ ਕੁੰਦਨ ਸਿੰਘ ਜੀ ਅੰਦਰ ਪੂਰਨ ਬ੍ਰਹਮ ਦਾ ਨਿਵਾਸ ਸੀ। ਸਾਰੀਆਂ ਕਰਾਮਾਤਾਂ, ਰਿੱਧੀਆਂ-ਸਿੱਧੀਆਂ ਬਾਬਾ ਜੀ ਦੇ ਚੌਗਿਰਦੇ ਘੁੰਮਦੀਆਂ ਸਨ। ਬਿਨਾਂ ਮੰਗਿਆਂ ਤੋਂ ਸਭ ਕੁਝ ਮਿਲਦਾ ਸੀ। ਬਿਨਾਂ ਕਹੇ ਤੋਂ ਸੁਣ ਲੈਂਦੇ ਸਨ ਤੇ ਸੁਭਾਵਿਕ ਹੀ ਸਭ ਕੁਝ ਵਰਤ ਰਿਹਾ ਸੀ।

ਐਸੇ ਮਹਾਂਪੁਰਸ਼ ਜਿਨ੍ਹਾਂ ਦੇ ਹਿਰਦੇ ਵਿੱਚ ਨਿਰੰਕਾਰ ਆਪ ਵਸਿਆ ਹੋਇਆ ਸੀ।

***ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥***
***ਤਿਸ ਕੀ ਸੀਖ ਤਰੈ ਸੰਸਾਰੁ ॥***

*(ਅੰਗ ੨੬੯)*

ਜਿਨ੍ਹਾਂ ਦੇ ਹਿਰਦੇ ਵਿੱਚ ਨਿਰੰਕਾਰ ਵਸ ਜਾਵੇ, ਉਨ੍ਹਾਂ ਤੋਂ ਸੁਮੱਤ ਲੈਣ ਵਾਲੇ ਸੰਸਾਰੀ ਲੋਕ ਤਰ ਜਾਂਦੇ ਹਨ। ਧੰਨ ਬਾਬਾ ਕੁੰਦਨ ਸਿੰਘ ਜੀ ਜਿਨ੍ਹਾਂ ਦਾ ਨਾਮ ਲਿਆਂ ਮਨ ਨੂੰ ਠੰਡ ਪੈਂਦੀ ਹੈ, ਜਿਨ੍ਹਾਂ ਦਾ ਨਾਮ ਹੀ ਸੁਖਦਾਈ ਹੈ, ਜਿਨ੍ਹਾਂ ਦੀ ਯਾਦ ਹੀ ਸੁਖਦਾਈ ਹੈ। ਐਸੇ ਮਹਾਂਪੁਰਖ ਸਾਡੇ ਸਿਰ ਤੇ ਮਿਹਰ ਭਰਿਆ ਹੱਥ ਰੱਖਣ, ਆਪਣਾ ਬਣਾ ਕੇ ਰੱਖਣ। ਆਪਣੀ ਸੇਵਾ ਕਿਰਪਾ ਕਰਕੇ ਲੈਂਦੇ ਰਹਿਣ।

***ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥***
***ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥***

*(ਅੰਗ ੬੫੩)*

ਆਪ ਹੀ ਬਲ ਬੁੱਧ ਬਖਸ਼ਿਸ਼ ਕਰਨ। ਮਹਾਂਪੁਰਸ਼ ਸਾਰੀਆਂ ਦਾਤਾਂ ਦੇ ਮਾਲਕ ਹਨ। ਅਸੀਂ ਸਾਰੇ ਬਾਬਾ ਜੀ ਦੇ ਚਰਨਾਂ ਦੇ ਭਿਖਾਰੀ ਹਾਂ। ਬਾਬਾ ਜੀ ਅੱਗੇ ਸਾਡੀ ਅਰਦਾਸ ਹੈ, ਨਿੱਤ ਦਾ ਮੰਗਤਾ ਤੁਹਾਡੇ ਦਰ ਅੱਗੇ ਖੜ੍ਹਾ ਹੈ। ਮੰਗਤੇ ਦੀ ਝੋਲੀ ਖੈਰ ਪਾਓ। ਮੰਗਤਾ ਖਾਲੀ ਨਾ ਜਾਵੇ। ਆਪਣੀ ਦਰਗਾਹ ਦੀਆਂ ਦਰ ਦੀਆਂ ਸਿਫਤਾਂ ਸਾਡੀ ਝੋਲੀ ਵਿੱਚ ਪਾਓ। ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਸਾਨੂੰ ਸਭਨਾਂ ਨੂੰ ਮਹਾਂਪੁਰਸ਼ਾਂ ਦੇ ਦਰ ਦਾ ਭਿਖਾਰੀ ਜਾਣ ਕੇ, ਕੂਕਰ ਜਾਣ ਕੇ ਬਖਸ਼ ਦੇਣਾ।

***ਵਾਹਿਗੁਰੂ ਜੀ ਕਾ ਖਾਲਸਾ ॥***
***ਵਾਹਿਗੁਰੂ ਜੀ ਕੀ ਫਤਹਿ ॥***

---

*ਪੰਨਾ 21 ਦਾ ਬਾਕੀ ਹਿੱਸਾ—*

ਬਚਨ ਕੀਤੇ, ਭਾਈ, ਇਹ ਤੋਤਾ ਆਪਣੀ ਬੋਲੀ ਵਿੱਚ ਆਪਣੇ ਦੂਜੇ ਸਾਥੀਆਂ ਨੂੰ ਅਵਾਜ਼ ਦੇ ਰਿਹਾ ਏ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹਨ, ਭਾਈ ਆਣ ਕੇ ਸਾਰੇ ਦਰਸ਼ਨ ਕਰ ਲਵੋ। ਬਾਬਾ ਜੋਗਿੰਦਰ ਸਿੰਘ ਜੀ ਨੇ ਬੇਨਤੀ ਕੀਤੀ, ਬਾਬਾ ਜੀ! ਇਸ ਨੂੰ ਇਤਨੀ ਸੋਝੀ ਕਿਵੇਂ ਹੈ? ਬਾਬਾ ਜੀ ਨੇ ਬਚਨ ਕੀਤੇ, ਪੂਰਬਲੇ ਕਰਮਾਂ ਕਰਕੇ ਇਸ ਨੇ ਕਿਸੇ ਸਮੇਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਬਖਸ਼ਿਸ਼ ਮਾਣੀ ਏ, ਜਿਸ ਦਾ ਸਦਕਾ ਅੱਜ ਇਹ ਸਤਿਗੁਰਾਂ ਦੇ ਦਰਸ਼ਨ ਕਰ ਰਿਹਾ ਹੈ ਤੇ ਇਸ ਤਾਰਨਹਾਰੇ ਸਾਹਿਬ ਨੂੰ ਇਸ ਤੋਤੇ ਨੇ ਇਸ ਜਾਮੇ ਵਿੱਚ ਵੀ ਪਹਿਚਾਣ ਲਿਆ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਕੇ ਇਸ ਦਾ ਜਨਮ ਮਰਨ ਵੀ ਕੱਟਿਆ ਜਾਵੇਗਾ।

***ਆਵਾ ਗਵਨੁ ਮਿਟੈ ਪ੍ਰਭ ਸੇਵ ॥***
***ਆਪੁ ਤਿਆਗਿ ਸਰਨਿ ਗੁਰਦੇਵ ॥***

*(ਅੰਗ ੨੮੮)*

ਫਿਰ ਬਾਬਾ ਜੀ ਬਚਨ ਕਰਨ ਲੱਗੇ:

***ਜਿਸ ਵੱਲ ਨਦਰਿ ਕਰਨ ਗੁਰ ਪੂਰੇ,***
***ਜਾਨ ਜਿਸਮ ਵਿੱਚ ਪਾਵਣ।***
***ਇੱਕ ਭੋਰੀ ਨਦਰਿ ਮਿਹਰ ਦੀ ਕਰਕੇ,***
***ਆਵਾ ਗਵਣ ਮਿਟਾਵਣ।***

ਭਾਵੇਂ ਇਹ ਪੰਛੀ ਹਨ ਪਰ ਪੂਰਬਲੀ ਬਖਸ਼ਿਸ਼ ਕਾਰਨ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਭਰੀ ਦ੍ਰਿਸ਼ਟੀ ਨਾਲ ਤਰ ਜਾਣਗੇ ਤੇ ਜਨਮ ਮਰਨ ਤੋਂ ਮੁਕਤ ਹੋ ਜਾਣਗੇ। ਇਉਂ ਮਾਲਕ ਬਾਬਾ ਜੀ ਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਭਾਵਨਾ ਬਣਾਉਣ ਤਹਿਤ ਸੁਮੱਤ ਬਖਸ਼ੀ ਤੇ ਸੇਵਕਾਂ ਦੇ ਅੰਦਰ ਹੋਰ ਸ਼ਰਧਾ ਦਾ ਕਿਣਕਾ ਭਰ ਦਿੱਤਾ। ਐਸੀ ਸ਼ਰਧਾ ਦਾ ਖਜ਼ਾਨਾ ਬਾਬਾ ਜੀ ਆਪਣੇ ਅੰਦਰ ਸਮੋਈ ਬੈਠੇ ਸਨ। ਬਾਬਾ ਕੁੰਦਨ ਸਿੰਘ ਜੀ ਮਹਾਰਾਜ ਦੀ ਐਸੀ ਵੱਡੀ ਸ਼ਰਧਾ ਤੇ ਸੇਵਾ ਭਾਵਨਾ ਸੀ। ਧੰਨ ਬਾਬਾ ਜੀ!

❑❑❑

# ਹੋਣਹਾਰ ਟਾਲੇ ਸੰਤ ਮੂਏ ਕੋ ਜੀਵਾਲੇ ਸੰਤ
## (ਸੂਲੀ ਤੋਂ ਸੂਲ ਬਣਾ ਦੇਣ ਵਾਲੇ ਮਹਾਂਪੁਰਖ ਬਾਬਾ ਕੁੰਦਨ ਸਿੰਘ ਜੀ)

***—ਬਾਬਾ ਗੁਰਮੇਲ ਸਿੰਘ ਜੀ***

ਇੱਕ ਦਿਨ ਇੱਕ ਮਾਤਾ ਬਾਬਾ ਕੁੰਦਨ ਸਿੰਘ ਜੀ ਪਾਸ ਆਈ ਬੇਨਤੀ ਕੀਤੀ ਬੜੀ ਵੈਰਾਗ ਵਿੱਚ, ਬਾਬਾ ਜੀ ਮੇਰਾ ਇੱਕੋ-ਇੱਕ ਪੁੱਤਰ ਹੈ ਕਿਰਪਾ ਕਰੋ ਉਸਦੀ ਉਮਰ ਬਖਸ਼ੋ, ਛੋਟਾ ਜਿਹਾ ਬੱਚਾ ਕੋਈ ਦਸ ਪੰਦਰਾਂ ਸਾਲ ਦਾ। ਬਾਬਾ ਜੀ ਕਹਿਣ ਲੱਗੇ ਕੀ ਗੱਲ, ਮਾਤਾ ਕਹਿਣ ਲੱਗੀ ਕਿ ਇੱਕ ਜੋਤਸ਼ੀ ਨੇ ਦੱਸਿਆ ਹੈ ਕਿ ਗਾਰੰਟੀ ਨਾਲ ਆਖਿਆ ਹੈ ਕਿ ਤੇਰੇ ਇਸ ਬੱਚੇ ਦੀ ਅੱਜ ਤੋਂ ਸੱਤ ਦਿਨਾਂ ਦੇ ਵਿੱਚ ਮੌਤ ਹੋ ਜਾਣੀ ਹੈ ਤੇ ਮੌਤ ਵੀ ਸੱਪ ਲੜਣ ਨਾਲ ਹੋਵੇਗੀ, ਇਸ ਤੋਂ ਵੱਧ ਮੁਨਿਆਦ ਨਹੀਂ। ਬਾਬਾ ਕੁੰਦਨ ਸਿੰਘ ਜੀ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਭਰੋਸੇ ਮਾਤਾ ਨੂੰ ਕਹਿਣ ਲੱਗੇ, ਮਾਤਾ ਤੂੰ ਘਬਰਾ ਨਾ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਵਿੱਚ ਜਿਹੜਾ ਵੀ ਆਉਂਦਾ ਹੈ, ਹੱਸਦਾ ਜਾਂਦਾ ਹੈ, ਇੱਥੇ ਰੋਣਾ ਨਹੀਂ, ਤੂੰ ਆਪਣਾ ਬੱਚਾ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਭਾਵ ਨਾਨਕਸਰ ਕੁਝ ਦਿਨ ਲਈ ਛੱਡ ਜਾ, ਬਾਬਾ ਜੀ ਦਾ ਬਚਨ ਮੰਨ ਕੇ ਉਸ ਮਾਤਾ ਨੇ ਆਪਣੇ ਬੱਚੇ ਨੂੰ ਨਾਨਕਸਰ ਛੱਡ ਦਿੱਤਾ। ਬਾਬਾ ਜੀ ਗੁਰੂ ਸਾਹਿਬ ਦੇ ਭਰੋਸੇ ਨਾਲ ਕਹਿਣ ਲੱਗੇ ਕਿ ਮਾਤਾ ਆਪਣਾ ਬੱਚਾ ਸੱਤਾਂ ਦਿਨਾਂ ਦੇ ਬਾਅਦ ਘਰ ਲੈ ਜਾਈਂ। ਜੋਤਸ਼ੀ ਨੇ ਆਪਣੀ ਵਿਦਿਆ ਦੇ ਮੁਤਾਬਿਕ ਕਿਹਾ ਸੀ ਉਸ ਬੱਚੇ ਬਾਰੇ।

ਸਤਿਗੁਰੂ ਜੀ ਕਹਿੰਦੇ ਹਨ, ਦੁਨੀਆਂ ਵਿੱਚ ਉਹ ਵੈਦ ਕਾਮਯਾਬ ਹੈ ਜਿਹੜਾ ਰੋਗ ਦਾਰੂ ਦੋਵੇਂ ਬੁਝੇ, ਰੋਗ ਵੀ ਬੁਝ ਲਵੇ ਤੇ ਦਵਾ ਵੀ ਦੇ ਦੇਵੇ। ਇਧਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਰੋਗ ਵੀ ਬੁਝਦਾ ਹੈ ਤੇ ਦਵਾ ਵੀ ਮਿਲਦੀ ਹੈ। ਜੋਤਸ਼ੀ ਜੋਤਿਸ਼ ਵਿਦਿਆ ਨਾਲ ਕੇਵਲ ਬਿਮਾਰੀ ਲੱਭਦੇ ਹਨ ਉਹ ਦਵਾ ਨਹੀਂ ਦੇ ਸਕਦੇ, ਉਮਰ ਦੱਸ ਸਕਦੇ ਹਨ ਤੇਰੀ ਉਮਰ ਦੇ ਵਿੱਚ ਇਹ ਘਟਨਾ ਘਟਣੀ ਹੈ, ਇਹ ਐਕਸੀਡੈਂਟ ਹੋਣਾ ਹੈ, ਤੇਰੀ ਇਸ ਟਾਈਮ ਤੱਕ ਮੌਤ ਹੋ ਜਾਣੀ ਹੈ ਪਰ ਮੌਤ ਨੂੰ ਟਾਲ ਨਹੀਂ ਸਕਦੇ। ਆਖੋ ਸਤਿਨਾਮੁ ਸ੍ਰੀ ਵਾਹਿਗੁਰੂ।

***ਹੋਣਹਾਰ ਟਾਲੇ ਸੰਤ ਮੂਏ ਕੋ ਜੀਵਾਲੇ ਸੰਤੁ।***

ਇਹ ਪਾਵਰ, ਇਹ ਸ਼ਕਤੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰੋਂ ਵਰੋਸਾਏ ਹੋਏ ਉਨ੍ਹਾਂ ਮਹਾਂਪੁਰਸ਼ਾਂ ਦੇ ਪਾਸ ਹੈ ਜਿਹੜੇ ਆਪ ਨਾਮ ਜਪਦੇ ਹਨ ਤੇ ਹੋਰਨਾਂ ਨੂੰ ਵੀ ਨਾਮ ਜਪਾਉਂਦੇ ਹਨ।

ਮਾਤਾ ਬੱਚੇ ਨੂੰ ਬਾਬਾ ਜੀ ਦੇ ਕੋਲ ਛੱਡ ਕੇ ਚਲੀ ਗਈ। ਬਾਬਾ ਜੀ ਨੇ ਉਸ ਬੱਚੇ ਦੀ ਡਿਊਟੀ ਲਗਾ ਦਿੱਤੀ ਕਿ ਰਾਤ 10 ਤੋਂ 12 ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਰੋਲ ਲਗਾਉਣੀ ਹੈ, ਜਿਹੜੇ ਬਾਬਾ ਜੀ ਦੇ ਨਿਵਾਸ ਅਸਥਾਨ ਦੇ ਨਜ਼ਦੀਕ ਸ੍ਰੀ ਸੁਖਮਨੀ ਸਾਹਿਬ ਦਾ ਕਮਰਾ ਸੀ ਉੱਥੇ ਪਾਠ ਚਲਦੇ ਸਨ। 10 ਤੋਂ 12 ਵਜੇ ਤੱਕ ਰੋਲ ਲਗਾਉਣੀ ਹੈ ਤੇ ਨਾਲ ਹੀ ਬਾਬਾ ਜੀ ਨੇ ਬਚਨ ਕਰ ਦਿੱਤਾ, ਕਹਿਣ ਲੱਗੇ ਰੋਲ ਤੋਂ ਬਾਅਦ ਇਸੇ ਕਮਰੇ ਦੇ ਅੱਗੇ ਬਿਸਤਰਾ ਵਿਛਾ ਕੇ ਸੌਂ ਜਾਣਾ ਹੈ। ਇੱਕ ਦਿਨ ਹੋਇਆ, ਦੋ ਦਿਨ ਹੋਏ, ਪੰਜ ਦਿਨ ਲੰਘ ਗਏ, ਅਖੀਰ ਜਿਸ ਦਿਨ ਸੱਤਵਾਂ ਦਿਨ ਆਇਆ ਬੱਚਾ ਰੋਲ ਲਗਾ ਕੇ ਆਪਣੇ ਬਿਸਤਰੇ ਦੇ ਉੱਤੇ ਆ ਕੇ ਲੇਟਿਆ, ਨੀਂਦ ਆਈ, 15 ਕੁ ਮਿੰਟ ਲੱਗੇ ਉੱਠ ਕੇ ਚੀਕਾਂ ਮਾਰਨ ਲੱਗਾ ਗਿਆ। ਜ਼ੋਰ ਜ਼ੋਰ ਦੀ ਚੀਕਾਂ ਮਾਰਦਾ ਹੈ ਤੇ ਨਾਲ ਹੀ ਬੋਲਦਾ ਹੈ ਕਿ ਮੈਨੂੰ ਸੱਪ

ਲੜ ਗਿਆ। ਜਿਹੜਾ ਸਿੰਘ ਪਹਿਰੇ ਉੱਤੇ ਖਲੋਤਾ ਸੀ, ਸੇਵਾਦਾਰ ਨੇ ਉਸ ਨੂੰ ਵਾਰ ਵਾਰ ਆਖਿਆ ਬੇਟਾ ਤੂੰ ਘਬਰਾ ਨਾ, ਇੱਥੇ ਕੋਈ ਸੱਪ ਨਹੀਂ, ਤੈਨੂੰ ਸੁਪਨਾ ਆਇਆ ਹੋਣਾ ਵਾ, ਮੈਂ ਇੱਥੇ ਖਲੋਤਾ ਹਾਂ ਕਿਸੇ ਪਾਸਿਓਂ ਸੱਪ ਨਹੀਂ ਆਇਆ। ਬੱਚਾ ਉਸ ਦੇ ਹੌਂਸਲੇ ਨਾਲ ਲੇਟ ਗਿਆ। ਥੋੜ੍ਹੇ ਸਮੇਂ ਬਾਅਦ ਫਿਰ ਉੱਠ ਕੇ ਚੀਕਾਂ ਮਾਰਨ ਲੱਗ ਪਿਆ ਕਿ ਮੇਰੇ ਸੱਪ ਲੜ ਗਿਆ। ਉਹ ਰਾਤ ਲੰਘੀਂ ਅਗਲੇ ਦਿਨ ਉਸ ਬੱਚੇ ਦੀ ਮਾਤਾ ਆ ਗਈ, ਜਿਸ ਵੇਲੇ ਬਾਬਾ ਜੀ ਦੇ ਦਰਸ਼ਨ ਕੀਤੇ ਤਾਂ ਬਾਬਾ ਜੀ ਹੱਸ ਕੇ ਕਹਿਣ ਲੱਗੇ ਮਾਤਾ ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਕਿਰਪਾ ਨਾਲ ਤੇਰਾ ਬੱਚਾ ਆਹ ਸਾਹਮਣੇ ਖਲੋਤਾ ਹੈ ਤੇ ਜੋਤਸ਼ੀ ਦਾ ਟਾਈਮ ਪੂਰਾ ਹੋ ਗਿਆ। ਵੇਖ ਲਓ ਮਹਾਂਪੁਰਸ਼ ਇੰਨੀ ਸਮਰੱਥਾ ਦੇ ਮਾਲਕ ਹਨ:

***ਹੋਣਹਾਰ ਟਾਲੇ ਸੰਤ ਮੂਏ ਕੋ ਜੀਵਾਲੇ ਸੰਤੁ।***

ਸੂਲੀ ਤੋਂ ਸੂਈ ਕਰਕੇ, ਸੁਪਨੇ ਵਿੱਚ ਟਾਲ ਦਿੱਤਾ। ਬੱਚੇ ਦੀ ਮੌਤ ਹੋਣੀ ਸੀ ਪਰ ਮਹਾਂਪੁਰਸ਼ ਇੰਨੀ ਸਮਰੱਥਾ ਦੇ ਮਾਲਕ ਕਿ ਜਿਹੜੀ ਮੌਤ ਆਉਣੀ ਸੀ ਉਸਨੂੰ ਸੁਪਨੇ ਵਿੱਚ ਹੀ ਬਤੀਤ ਕਰ ਦਿੱਤਾ।


## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਸਿਫਤਿ ਸਾਲਾਹ**
ਆਪ ਪੜ੍ਹੋ ਤੇ
ਹੋਰਨਾਂ ਨੂੰ ਵੀ ਪੜ੍ਹਾਓ।

Dhan Dhan Mata Kaulan Ji Sifit Salah
Harwinder Singh
Paytm UPI
9876525850@paytm

ਚੰਦਾ ਭੇਜਣ ਲਈ ਸਕੈਨ ਕਰੋ ਜੀ

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

2) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 5 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 195/- ਰੁਪਏ, ਦੋ ਸਾਲ ਦਾ ਚੰਦਾ 350/- ਰੁਪਏ, ਪੰਜ ਸਾਲ ਦਾ ਚੰਦਾ 660/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+45=195/- |
| ਦੋ ਸਾਲ | 300+50=350/- |
| ਪੰਜ ਸਾਲ | 600+60=660/- |
| ਲਾਈਫ | 2400+100=2500/- |

**ਨੋਟ: ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿਫਤਿ ਸਾਲਾਹ ਰਸਾਲੇ ਦੇ ਪੰਜ-ਪੰਜ ਮੈਂਬਰ ਬਣਾਓ ਤਾਂ ਜੋ ਗੁਰਸਿੱਖੀ ਦੇ ਪ੍ਰਚਾਰ ਵਿੱਚ ਵਾਧਾ ਹੋ ਸਕੇ।**

# ਆਪਣੇ ਮੁਰਸ਼ਦ ਬਾਬਾ ਈਸ਼ਰ ਸਿੰਘ ਜੀ ਪ੍ਰਤੀ ਬਾਬਾ ਕੁੰਦਨ ਸਿੰਘ ਜੀ ਦੇ ਹਿਰਦੇ ਵਿੱਚ ਅਦਬ ਸਤਿਕਾਰ

1. ਸੰਨ 1985 ਤੋਂ ਧੰਨ ਬਾਬਾ ਈਸ਼ਰ ਸਿੰਘ ਜੀ ਦੇ ਜਨਮ ਦਿਨ ਨੂੰ ਮਨਾਉਣ ਲਈ ਗੁ: ਸ੍ਰੀ ਦਮਦਮਾ ਸਾਹਿਬ ਝੋਰੜਾਂ ਦੀ ਧਰਤੀ 'ਤੇ ਬਾਬਾ ਕੁੰਦਨ ਸਿੰਘ ਜੀ ਮਹਾਰਾਜ ਨੇ ਤੁਕ ਤੁਕ ਵਾਲੇ ਸ੍ਰੀ ਮਹਾਂ ਸੰਪਟ ਅਖੰਡ ਪਾਠ ਸਾਹਿਬ 26 ਦਿਨਾਂ ਵਾਲੇ ਆਰੰਭ ਕਰਵਾਏ। ਭੋਗਾਂ ਦੇ ਸਮੇਂ ਅਰਦਾਸ ਦੌਰਾਨ ਬਾਬਾ ਕੁੰਦਨ ਸਿੰਘ ਜੀ ਦੇ ਹਕੀਕੀ ਇਸ਼ਕ ਵਿੱਚ ਭਿੱਜ ਕੇ ਸੇਜਲ ਅੱਖਾਂ ਨਾਲ ਮੁਰਸ਼ਦ ਮਹਾਂਪੁਰਖਾਂ ਦੇ ਜਨਮ ਦਿਨ 'ਤੇ ਜਪ-ਤਪ ਦੀ ਭੇਟਾ ਹਾਜ਼ਰ ਕਰਦਿਆਂ ਦੇ ਸਭ ਨੇ ਦੀਦਾਰ ਕੀਤੇ। ਹਕੀਕਤ ਵਿੱਚ ਇਹ ਹਰ ਸਾਲ ਦੀ ਪਿਆਰ ਵੇਦਨਾ ਬਣ ਗਈ। ਜਦੋਂ ਵੱਡੇ ਪਾਠਾਂ ਦੇ ਭੋਗਾਂ ਉਪਰੰਤ 26 ਦਿਨ ਭੋਰੇ ਵਿੱਚ ਬੈਠ ਕੇ ਭਗਤੀ ਕਮਾਉਣ ਵਾਲੇ ਪਾਠੀ ਸਿੰਘਾਂ ਨੂੰ ਬਾਹਰ ਸੰਗਤ ਵਿੱਚ ਦਰਸ਼ਨ ਕਰਵਾਉਣ ਲਈ ਅਗਵਾਈ ਦੀ ਗੱਲ ਆਈ ਤੇ ਬਚਨ ਕੀਤਾ, "ਅਗਵਾਈ ਅਸੀਂ ਨਹੀਂ, ਸਾਡੇ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਹੀ ਕਰਨਗੇ।" ਬਾਬਾ ਈਸ਼ਰ ਸਿੰਘ ਜੀ ਦਾ ਇੱਕ ਵੱਡਾ ਸਰੂਪ ਆਸਣ 'ਤੇ ਸਜਾਉਣ ਲਈ ਪਾਠੀ ਸਿੰਘਾਂ ਦੇ ਨਾਲ ਬਾਹਰ ਲਿਆਂਦਾ ਗਿਆ ਤੇ ਆਪ ਸਾਰਿਆਂ ਤੋਂ ਪਿੱਛੇ ਹੀ ਸਟੇਜ 'ਤੇ ਬੈਠਣਾ ਕੀਤਾ। ਇਹ ਮੁਰਸ਼ਦ ਪ੍ਰਤੀ ਭਾਵਨਾ ਅਦਬ ਸਤਿਕਾਰ ਹਰ ਸਮੇਂ ਰਿਹਾ ਕਿ ਅੱਜ ਵੀ ਉਹ ਸਾਡੇ ਨਾਲ ਵਰਤ ਕੇ ਸੇਵਾ ਕਰਵਾ ਰਹੇ ਹਨ।

2. ਬਾਬਾ ਕੁੰਦਨ ਸਿੰਘ ਜੀ ਅੱਗੇ ਕਿਸੇ ਪ੍ਰੇਮੀ ਸੇਵਕ ਨੇ ਕਾਲੀ ਦਸਤਾਰ ਭੇਟਾ ਰੱਖੀ। ਬੜੇ ਗਹੁ ਨਾਲ ਤੱਕਦਿਆਂ ਬਚਨ ਕੀਤਾ, "ਇਸ ਦਸਤਾਰ ਨੂੰ ਉੱਥੇ ਵਿਛਾਈ ਤੇ ਰੱਖ ਦੇ, ਸਾਡੇ ਮਾਲਕ ਬਾਬਾ ਜੀ ਕਦੀ ਕਦੀ ਕਾਲੀ ਦਸਤਾਰ ਸਜਾਉਂਦੇ ਸਨ, ਕਦੇ ਗਲ ਵਿੱਚ ਕਾਲਾ ਹਜ਼ੂਰੀਆਂ ਰੱਖਦੇ ਸਨ। ਅਸੀਂ ਉਨ੍ਹਾਂ ਦੀ ਬਰਾਬਰੀ ਨਹੀਂ ਕਰਨੀ।" ਇਸ ਆਸੇ 'ਤੇ ਦ੍ਰਿੜ ਬਾਬਾ ਕੁੰਦਨ ਸਿੰਘ ਜੀ ਨੇ ਸਾਰੀ ਜ਼ਿੰਦਗੀ ਨਾ ਕਦੇ ਕਾਲੀ ਦਸਤਾਰ ਸਜਾਈ ਤੇ ਨਾ ਹੀ ਕਦੇ ਕਾਲਾ ਹਜ਼ੂਰੀਆ ਗਲ ਵਿੱਚ ਪਾਇਆ।

3. ਬਾਬਾ ਈਸ਼ਰ ਸਿੰਘ ਜੀ ਦੇ ਸਿੱਖੀ ਪ੍ਰਚਾਰ ਸੇਵਾਵਾਂ ਦੌਰਾਨ ਦਿੱਲੀ ਵਿਖੇ ਦੋ ਮਹੀਨੇ ਦੀਵਾਨ ਸਜਾਉਣ ਦਾ ਪ੍ਰੋਗਰਾਮ ਰੱਖਿਆ ਗਿਆ। ਪਿੱਛੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਬਾਬਾ ਕੁੰਦਨ ਸਿੰਘ ਜੀ ਨਿਭਾਉਂਦੇ ਰਹੇ। ਕਿਸੇ ਨੇ ਪਿੱਛੋਂ ਬਾਬਾ ਕੁੰਦਨ ਸਿੰਘ ਜੀ ਨਾਲ ਈਰਖਾ ਵੱਸ ਹੋ ਕੇ ਆਖ ਦਿੱਤਾ, "ਤੁਹਾਨੂੰ ਬਾਬਾ ਜੀ ਨੇ ਹੁਣੇ ਦਿੱਲੀ ਬੁਲਾਇਆ ਹੈ ਜਲਦੀ ਦਿੱਲੀ ਪਹੁੰਚ ਜਾਵੋ।" ਸਤਿ ਬਚਨ ਦੇ ਅਧਿਕਾਰੀ ਆਪਣੇ ਮੁਰਸ਼ਦ ਦਾ ਹੁਕਮ ਜਾਣ ਕੇ ਦਿੱਲੀ ਪਹੁੰਚ ਗਏ। ਅਜੇ ਦਿੱਲੀ ਪਹੁੰਚੇ ਹੀ ਸਨ ਕਿ ਸਾਹਮਣੇ ਦੀਵਾਨ ਵਿੱਚ ਬਾਬਾ ਈਸ਼ਰ ਸਿੰਘ ਜੀ ਨੇ ਤੱਕ ਕੇ ਤਾੜਨਾ ਕੀਤੀ, "ਕੁੰਦਨ, ਤੈਨੂੰ ਇੱਥੇ ਕਿਸ ਨੇ ਬੁਲਾਇਆ ਏ, ਤੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਦੀ ਡਿਊਟੀ ਦਿੱਤੀ ਏ, ਤੂੰ ਜਲਦੀ ਵਾਪਸ ਨਾਨਕਸਰ ਪਹੁੰਚ ਕੇ ਸੇਵਾ ਵਿਚ ਜੁਟ ਜਾਹ।" ਉੱਥੋਂ ਹੀ ਸਤਿਬਚਨ ਆਖ ਵਾਪਸ ਬਿਨਾਂ ਕੁਝ ਵੀ ਰਸਨਾ ਨੂੰ ਲਗਾਏ ਨਾਨਕਸਰ ਆਣ ਪਹੁੰਚੇ ਤੇ ਆਪਣੀ ਸੇਵਾ ਡਿਊਟੀ ਵਿੱਚ ਤੱਤਪਰ ਹੋ ਗਏ। ਉਤਨਾ ਸਮਾਂ ਕੋਈ ਮੁੱਖ ਨੂੰ ਪਾਣੀ ਤੱਕ ਨਾ ਲਗਾਇਆ। ਪਹਿਲਾਂ ਹੁਕਮ ਬਾਕੀ ਸਭ ਬਾਅਦ ਵਿੱਚ।

ਇਤਨਾ ਅਦਬ ਸਤਿਕਾਰ ਹੁਕਮ ਪ੍ਰਤੀ ਰੱਖਿਆ ਕਿ ਇੱਕ ਉਸ ਘੜੀ ਦੀ ਮੁਰਸ਼ਦ ਦੀ

ਤਾੜਨਾ ਸਦਕੇ ਸਾਰੀ ਉਮਰ ਕਦੇ ਦਿੱਲੀ ਵੱਲ ਤੱਕਿਆ ਵੀ ਨਹੀਂ। ਸੇਵਕਾਂ ਦੁਆਰਾ ਜਹਾਜ਼ ਉੱਪਰ ਬੈਠ ਕੇ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨਾਂ ਲਈ ਪ੍ਰੋਗਰਾਮ ਉਲੀਕਿਆ ਗਿਆ ਕਿ ਪਿੱਛੇ ਮੁੱਖ ਸੇਵਾ ਬਾਬਾ ਭਜਨ ਸਿੰਘ ਜੀ ਵੱਡੇ ਨਿਭਾ ਲੈਣਗੇ। ਸਭ ਤਿਆਰੀ ਕਰਕੇ ਜਦੋਂ ਬਾਬਾ ਕੁੰਦਨ ਸਿੰਘ ਜੀ ਪਾਸ ਬੇਨਤੀ ਕੀਤੀ ਗਈ ਤਾਂ ਬਚਨ ਹੋਏ, "ਜਹਾਜ਼ ਜੇਕਰ ਦਿੱਲੀ ਦੇ ਉਪਰੋਂ ਦੀ ਵੀ ਲੰਘੇ, ਜਾਂ ਦਿੱਲੀ ਠਹਿਰੇ, ਅਸੀਂ ਆਪਣੀ ਯਾਤਰਾ ਦਾ ਪ੍ਰੋਗਰਾਮ ਨਹੀਂ ਰੱਖਾਂਗੇ, ਕਿਉਂਕਿ ਬਾਬਾ ਈਸ਼ਰ ਸਿੰਘ ਜੀ ਨੇ ਬਚਨ ਕੀਤੇ ਸਨ ਤੂੰ ਦਿੱਲੀ ਨਹੀਂ ਆਉਣਾ। ਸਾਨੂੰ ਸਾਡੇ ਮਾਲਕ ਦਾ ਹੁਕਮ ਪਹਿਲਾਂ, ਬਾਕੀ ਸਭ ਕੁਝ ਬਾਅਦ ਵਿੱਚ।" ਇਸ ਨੂੰ ਕਹਿੰਦੇ ਨੇ ਹੁਕਮ ਮੰਨਣ ਦੀ ਕਾਰ ਕਮਾਉਣ ਵਾਲਾ ਤੇ ਹਰ ਸਮੇਂ ਮੁਰਸ਼ਦ ਨੂੰ ਹਾਜ਼ਰ ਜਾਣ ਕੇ ਭੈਅ ਵਿੱਚ ਰਹਿਣ ਵਾਲਾ ਸੇਵਕ।

4. ਤਕਰੀਬਨ 1958 ਕੁ ਦਾ ਜ਼ਿਕਰ ਹੋਵੇਗਾ ਕਿ ਇੱਕ ਦਿਨ ਬਾਬਾ ਕੁੰਦਨ ਸਿੰਘ ਜੀ ਸ਼ੀਸ਼ੇ ਅੱਗੇ ਖਲੋ ਕੇ ਆਪਣੀ ਦਸਤਾਰ ਸਜਾ ਰਹੇ ਸਨ। ਪਿਛੋਂ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਆ ਗਏ ਤੇ ਆ ਕੇ ਸ਼ੀਸ਼ਾ ਸਾਹਮਣੇ ਤੋਂ ਚੁੱਕ ਲਿਆ। ਬੱਸ ਉਸ ਦਿਨ ਤੋਂ ਬਾਅਦ ਮੁਰਸ਼ਦ ਅੱਗੇ ਕੋਈ ਸ਼ਿਕਵਾ ਨਹੀਂ, ਉਸ ਦੀ ਰਜ਼ਾ ਜਾਣ ਕੇ ਕਦੇ ਸ਼ੀਸ਼ੇ ਅੱਗੇ ਖਲੋ ਕੇ ਦਸਤਾਰ ਨਹੀਂ ਸਜਾਈ। ਇਸ ਨੂੰ ਕਹਿੰਦੇ ਹਨ ਮੁਰਸ਼ਦ ਦੀ ਰਜ਼ਾ ਵਿੱਚ ਰਹਿਣ ਵਾਲਾ ਸੇਵਕ।

5. ਬਾਬਾ ਕੁੰਦਨ ਸਿੰਘ ਜੀ ਮਹਾਰਾਜ ਨੇ ਕਦੇ ਚਰਨਾਂ ਵਿੱਚ ਚਿੱਟਾ ਜੋੜਾ ਨਹੀਂ ਪਹਿਨਿਆ। ਕਿਉਂਕਿ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਜ਼ਿਆਦਾਤਰ ਚਿੱਟਾ ਜੋੜਾ ਹੀ ਪਹਿਨਦੇ ਸਨ। ਬਾਬਾ ਕੁੰਦਨ ਸਿੰਘ ਜੀ ਜ਼ਿਆਦਾ ਸਮਾਂ ਨੰਗੇ ਪੈਰੀਂ ਹੀ ਵਿਚਰਦੇ, ਕਦੇ ਜੋੜਾ ਪਹਿਨਣ ਦੀ ਕਿਰਿਆ 'ਤੇ ਵੀ ਆਪਣੇ ਮਹਾਂਪੁਰਖ ਦੀ ਬਰਾਬਰੀ ਨਹੀਂ ਕੀਤੀ।

6. ਕਦੇ ਗੱਦੇ 'ਤੇ ਅਰਾਮ ਨਹੀਂ ਕੀਤਾ, ਸੇਵਕਾਂ ਦੇ ਬੇਨਤੀ ਕਰਨ ਤੇ ਬਚਨ ਫੁਰਮਾਉਣਾ, ਗੱਦਾ ਸਾਡੇ ਬਾਬਾ ਈਸ਼ਰ ਸਿੰਘ ਜੀ ਦੇ ਆਸਣ ਲਈ ਹੀ ਸੋਭਾਦਾਇਕ ਹੈ। ਪਲੰਘ (ਮੰਜਾ) ਸਤਿਗੁਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਤੇ ਆਸਣਾਂ ਦੀ ਵਿਛਾਈ ਲਈ ਗੱਦਾ ਤੇ ਆਪਣੇ ਲਈ ਨਾ ਕਦੇ ਕੋਈ ਆਸਣ ਲਗਾਇਆ, ਨਾ ਕਦੇ ਕੋਈ ਗੱਦਾ ਵਿਛਾਇਆ, ਸਿਰਫ ਤਲਾਈ ਹੀ ਜ਼ਮੀਨ ਤੇ ਵਿਛਾ ਕੇ ਆਪਣੇ ਆਰਾਮ ਲਈ ਸਾਧਨ ਰੱਖਿਆ।

❑❑❑

---

*ਪੰਨਾ 15 ਦਾ ਬਾਕੀ ਹਿੱਸਾ—*

ਕੀਤਾ। ਉਨ੍ਹਾਂ ਦੇ ਘਰ ਛੇ ਕੁੜੀਆਂ ਤੋਂ ਬਾਅਦ ਮੁੰਡਾ ਹੋਇਆ। ਫਿਰ ਉਸ ਨੇ ਬਾਬਾ ਜੀ ਨੂੰ ਆ ਕੇ ਬੇਨਤੀ ਕੀਤੀ ਕਿ ਆ ਕੇ ਘਰ ਪਰਸ਼ਾਦਾ ਛੱਕੋ। ਬਾਬਾ ਜੀ ਕਹਿਣ ਲੱਗੇ, ਸੇਵਾਦਾਰ ਆਉਣਗੇ, ਮੈਂ ਥੋੜ੍ਹਾ ਢਿੱਲਾ ਹਾਂ। ਪਰਿਵਾਰ ਨੇ ਬੇਨਤੀ ਕੀਤੀ ਕਿ ਕੀ ਤੁਸੀਂ ਨਰਾਜ਼ ਹੋ? ਮੂੰਹ ਵਿੱਚੋਂ ਗੱਲ ਨਿਕਲ ਗਈ, ਅੱਗੋਂ ਬਾਬਾ ਜੈਮਲ ਸਿੰਘ ਜੀ ਕਹਿੰਦੇ, ਮੈਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਇੱਕ ਲੱਤ ਤੇ ਖੜ੍ਹਾ ਹੋ ਕੇ ਤੇਰੇ ਵਾਸਤੇ ਜਪੁਜੀ ਸਾਹਿਬ ਪੜ੍ਹਦਾ ਰਿਹਾ ਹਾਂ ਕਿ ਮੁੰਡਾ ਹੋ ਜਾਵੇ। ਕੀ ਮੈਂ ਨਰਾਜ਼ ਹਾਂ? ਮਹਾਂਪੁਰਸ਼ ਕਿਸੇ ਵਾਸਤੇ ਗੁਪਤ ਕੀ ਕਰ ਰਹੇ ਹਨ, ਇਹ ਕਈ ਵਾਰ ਪਤਾ ਨਹੀਂ ਹੁੰਦਾ। ਬਾਬਾ ਕੁੰਦਨ ਸਿੰਘ ਜੀ ਦੇ ਜੀਵਨ ਵਿੱਚੋਂ ਵੱਡਾ ਗੁਣ, ਕਿਸੇ ਨੂੰ ਕੁਝ ਦੇ ਵੀ ਦੇਣਾ ਤੇ ਪਤਾ ਵੀ ਨਹੀਂ ਲੱਗਣ ਦੇਣਾ। ਗਰੀਬ ਨਿਵਾਜ ਵਾਲਾ ਗੁਣ। ਆਓ ਜੀ ਪੜ੍ਹੋ ਸਾਰੇ ਤੇ ਫਿਰ ਸਮਾਪਤੀ ਹੈ:

***ਐਸੋ ਤਿਆਗੀ ਵਿਰਲਾ ਕੋਇ॥***
***ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ ਰਹਾਉ॥***

***(ਅੰਗ ੧੧੪੭)***

❑❑❑

## संपूर्ण जीवन वाले महात्मा

# अति की गरीबी कमाने वाले महापुरुष धन्य बाबा कुंदन सिंघ जी

–भाई हरविन्द्र पाल सिंघ

गुण ही गुण, बड़ाई ही बड़ाई, प्रशंसा ही प्रशंसा, कौतुक ही कौतुक थे बाबा कुंदन सिंघ जी के जीवन में। कथनी नहीं करनी के धरणी, शोभा वाह–वाह, अहंकार कदाचित नहीं, अपितु नम्रता। नम्रता के धारणी, सेवा ऐसी की कि धन्य श्री गुरु ग्रंथ साहिब जी की सेवा का स्वरूप ही हो गए। बाबा ईशर सिंघ जी का वचन ऐसा कमाया कि जहाँ डयूटी लगाई श्री गुरु ग्रंथ साहिब जी की सेवा में ऐसा वचन कमाया कि सेवा का रूप ही हो गए। जैसे गुरबाणी में आता है:

*काठ की पुतरी कहा करै*
*बपुरी खिलवानहारो जानै ।।*

*(अंग २०६)*

नानकसर धन्य श्री गुरु ग्रंथ साहिब जी महाराज की दिन में 13 बार बिना अवकाश लगभग 40 साल सेवा निभाई। चाहे शरीर साथ नहीं दे रहा था, पर सेवादार उठाकर श्री गुरु ग्रंथ साहिब जी के कमरे ले जाते थे, पर आप जी ने सेवा नहीं छोड़ी। यह है वचन कमाया, आवाज नहीं निकलती थी पर हुक्मनामा लेना नहीं छोड़ा, खड़े नहीं हो पा रहे थे पर अरदास करने की सेवा नहीं छोड़ी। ऐसा काठ की पुत्री अनुसार जीवन बिताया कि जहाँ बाबा ईशर सिंघ जी ने सेवा प्रदान की, डट गए। परोपकार ऐसा कमाया कि अनेक स्कूल–कालेज, अस्पताल चल रहे हैं। प्रचार की खातिर स्थान–स्थान गुरुद्वारों की सेवा, ठाठ चल रहे हैं पर अपने नाम सूई मात्र जगह भी नहीं।

टूटे हुओं को धन्य श्री गुरु नानक देव जी महाराज के चरणों से जोड़ने का ऐसा चाव, ऐसी उमंग कि जहाँ लाखों प्राणियों को अमृतपान करवा कर धन्य श्री गुरु ग्रंथ साहिब जी के साथ जोड़ा, वहाँ छोटे बच्चों को कीर्तन के प्रशिक्षण का सिलसिला ही ऐसा चलाया कि स्वयं बच्चों को गुरबाणी की संथया देनी, स्वयं कीर्तन का प्रशिक्षण देना, स्वयं जोड़ी (तबले) पर हाथ रखा कर सिखाना, कृपा करनी, इतनी बड़ाई के बावजूद भी सेवादार बनकर सेवा की, तभी मुख से निकलता है:

*तुसी ता सारिआ गुणां विच पूरे*
*मैं केहड़ा केहड़ा गावां बाबा जी?*

भाग्यशाली धरती गांव गजन सिंघ वाला, तहसील चूनिया, ज़िला (लाहौर) पाकिस्तान में पिता भाई ठाकुर सिंघ जी, माता कृष्ण कौर जी की कोख से 24 फरवरी 1926, 13 फाल्गुन वाले दिन अमृत वेले सवा तीन बजे जिस बालक ने जन्म लिया, माता–पिता ने उसका नाम (बाबा) कुंदन सिंघ रखा। कौन जानता था कि वह बालक एक दिन इतना बड़ा महात्मा बनेगा कि अपने नाम अनुसार कुंदन ही होगा।

बाबा नंद सिंघ जी तब (लाहौर) पाकिस्तान में विचरण करते थे। यहाँ गाँव गजन सिंघ वाला से 2 किलोमीटर दूर गाँव वा खारा (जखीरे) भाव जंगल में बाबा नंद सिंघ जी ठहरते थे, तब पिता ठाकुर सिंघ जी संत सेवी, नितनेमी होने के कारण छोटी उम्र में (बाबा) कुंदन सिंघ जी को अपने साथ बाबा नंद सिंघ जी की हजूरी में भोजन लेकर जाते और हर प्रकार की सेवा करते। एक दिन पूर्णमाशी के उपरांत ऐसा कीर्तन का आनंद आया कि (बाबा) कुंदन सिंघ जी ने वहाँ ही मन अर्पण कर दिया हर प्रकार की सेवा में।

अब (बाबा) कुंदन सिंघ जी का बाबा ईशर सिंघ जी के साथ इतना प्रेम हो गया कि उनके साथ ही हजूरी सेवा में शामिल हो गए। परिवार वाले कई बार लेने आते, पर घर में से मन ऐसा उपराम हो गया कि हर बार मना कर देना कि घर नहीं जाना, यहाँ सेवा में रहना है। परिवार वाले कई बार ले भी जाते पर फिर आ जाते। बाबा जी को पता लगा, कहने लगे, जितना मर्जी ज़ोर लगा लो पर इसने नहीं जाना, इसने यहाँ ही रहना है, क्योंकि बाबा जी तो जानते थे कि यह वो कुंदन है, इसके नाम का शौर्य चारों दिशाओं में फैलेगा। आखिर 13 साल की उम्र में बाबा नंद सिंघ जी के चरणों में हाजर होकर पक्के तौर बिहंगम बनकर रहने लग गए। एक बार आकर पुनः गाँव वापिस नहीं गए, गाँव की ओर दृष्टि नहीं की, लगभग चार साल बाबा नंद सिंघ जी के चरणों में रहकर सेवा की। 1943 में बाबा नंद सिंघ जी शरीर त्याग गए। उस समय आपकी उम्र 17 साल थी। बाबा नंद सिंघ के बाद बाबा ईशर सिंघ जी हुक्म अनुसार देहरादून चले गए। जब बाबा ईशर सिंघ जी देहरादून पहुँचे तो पूरन सिंघ गीटा (कवि) देहरादून ने पूछा कि आप किसको अपने पास रखोगे, इन्द्र सिंघ अथवा (बाबा) कुंदन सिंघ को। तब बाबा ईशर सिंघ जी ने पूरन सिंघ गीटे को कहा– इन दोनों के बारे धन्य श्री गुरु ग्रंथ साहिब जी के आगे पर्चियां डाल लो, जिसकी पर्ची आए, उसको रख लो। जब श्री गुरु ग्रंथ साहिब की हजूरी में अरदास करके पर्चियां डालीं तो (बाबा) कुंदन सिंघ जी के नाम की पर्ची आ गई। भाव कि यह गुरु से मोहर लगी हुई है, यूं नहीं इतनी बड़ी सेवा कर रहे थे बाबा जी।

फिर बाबा ईशर सिंघ जी के उपरांत ऐसी सेवा की कि श्री गुरु ग्रंथ साहिब जी के साथ अभेद ही हो गए थे। कई नानकसर के बिहंगम बताते हैं कि जब हुक्मनामा प्रसन्नता का आए तो बाबा कुंदन सिंघ जी इतनी खुशियां देते थे कि पूछो ही न। जब हुक्मनामा वैराग्यमयी हो तो बाबा जी के अंदर इतना वैराग्य कि वैराग्य में ही रहते थे। यदि हुक्मनामा वियोग का या दर्शन का तो बाबा जी का तेज ऐसा कि वियोग की तड़प प्रत्यक्ष दिखाई देती थी और यदि

हुक्मनामा बीररस वाला हो तो बाबा जी भी पूरे बीररस में भाव हुक्मनामा जैसा वैसी अवस्था बाबा कुंदन सिंघ जी की। यह क्यों साध संगत? यह थी अभेदता श्री गुरु ग्रंथ साहिब जी के चरणों के साथ।

***हरि हरि जन दुइ एक है***
***बिब बिचार कछु नाहि।।***

*(श्री दसम ग्रंथ, बचित्र नाटक)*

और हो भी क्यों न? दास अपना जिक्र व्यक्त करता है। काफी समय पहले का जिक्र है। हर बार जब भी पूर्णमाशी पर संगत लेकर नानकसर जाना तो गुरुद्वारा शहीदां साहिब बाबा दीप सिंघ जी के स्थान पर अरदास करके निकलना। यह लफ्ज कहने कि महापुरुषों के दर्शन करने के लिए जा रहे हैं सतिगुरु जी, बाबा जी, महापुरुषों के तुरंत दर्शन दीदार करवा देना, खुशियां प्रदान करना, कृपा करना। एक दिन इस तरह चले लुधियाना रविवार कीर्तन था सुबह 8 बजे का, शनिवार शाम 5 बजे ही चल पड़े कि नानकसर दर्शन करके उधर से रात लुधियाना पहुँच जाएँगे और सुबह कीर्तन करके वापसी। अब जब अरदास करने लगे तो अरदास करते–करते (बाबा दीप सिंघ जी के स्थान पर) मन में ख्याल आ गया कि यूं ही अरदास कर देते हैं, दर्शन तो हर बार हो ही जाते हैं, सो अब क्या करें? अब मन में आ गया और यह लफ्ज आज अरदास में नहीं कहे कि महांपुरुषों के खुले दर्शन दीदार करवाना। फिर जब हम नानकसर पहुँचे, सारे स्थान के दर्शन किए और जब बाबा जी के कमरे के बाहर पहुँचे तो साध संगत जी, आधा पौना घण्टा इंतजार करना पड़ा, जो पहले कभी नहीं था हुआ। फिर पता किया तो पता लगा कि अंदर बाबा जी मुख्य बिहंगमों के साथ जरुरी विचार कर रहे हैं। घण्टा–डेढ़ घण्टे के बाद हजूरिए सेवादार कहने लगा, आ जाओ दर्शन कर लो। हमने सारा जत्था प्रसाद लिया और अंदर चले गए। कमरे के बाहर गैलरी में पहुँच गए। 10–15 मिनट वहां जब खड़े हुए क्योंकि दरवाजा बंद था, शेष बिहंगम अंदर ही थे। बाबा जी के श्रवण दर्शन तो हुए पर पूरे दर्शन न हों, क्योंकि दरवाजा बंद था, पर तड़प जारी थी। साथ ही यह था कि अब तो द्वार के बाहर ही है, अब तो 5–10 मिनट में दर्शन हो जाएँगे। 20–25 मिनट के बाद द्वार खुला तो बाबा गुरमेल सिंघ जी, बाबा भजन सिंघ जी कहने लगे, देखो, कीर्तन करने वाले आ गए हैं, इनको ले जाओ। हम हैरान हुए तो हमें बाबा भजन सिंघ जी कहने लगे कुछ ही दूर गांव चूहड़ चक्क रात को दीवान है, अब पहले वहाँ कीर्तन करके आओ बाबा सुखदेव सिंघ जी के साथ जाकर। दास ने कहा– "जी सत्य वचन, दर्शन करके चलते हैं।" रात तो फ्री ही है पर वह कहने लगे, नहीं आठ यहाँ ही बज गए हैं, वहाँ समय भी यही है, 8 से 10 का, आप पहले कीर्तन कर आओ, दर्शन आकर कर लेना।

अब जैसे हुक्म। एक दो बार विनती की जाने में तो कोई एतराज नहीं पर पहले दर्शन कर लेते हैं। पर टाइम लेट होने के कारण वे न माने। दास ने भी ज्यादा कहना उचित नहीं समझा। रात 12 बजे कीर्तन करके वापिस आए। आकर फिर बाबा जी के बारे में पता लगा कि बाबा जी तो नितनेम में हैं, अब 2 बजे दर्शन होंगे। दास ने कहा जी सत्य वचन। फिर स्नान करके हम सुखमनी साहिब वाले स्थान में बाहर

बैठ गए। पर 2 बजे का टाइम जिन बिहंगमों ने दिया था, अब उनको विनती की तो जब वे दोबारा अंदर गए तो दर्शन की आज्ञा नहीं मिली। सेवादार ने अंदर जाने से रोक दिया। बाबा गुरमेल सिंघ जी भी अंदर विनती करने गए, क्योंकि उनको पता था कि इनका कीर्तन लुधियाना में है पर आज्ञा फिर भी नहीं मिली। अब ध्यान दो यहाँ तक हमें भी पता नहीं लगा कि भूल कहाँ हुई है? 6 बज गए अमृत वेले के। जब 6 बजे यह सोचकर सुखमनी साहिब पढ़ते संगीत यंत्रों के बिना कीर्तन दर्शन के शब्दों का तो अचानक मन में ख्याल आया, हे मन! तूने तो सोचा था कि यूं ही अरदास करते हैं। दर्शन तो हो ही जाते हैं और पहले होते ही थे। पर इस बार आते समय अरदास नहीं की, भूल सामने आ गई। मन शर्म से झुक गया। उस समय साध संगत जी, सुखमनी साहिब वाले स्थान अंदर जाकर अरदास की, बाबा जी भूल माफ करो, मैं भूला हुआ हूँ, दर्शन दो और जब अरदास करके बाहर आया ही था कि अंदर से बिहंगम, हजूरिया सेवादार आकर कहता है कि आ जाओ, बाबा जी ने आपको बुलाया है। फिर दर्शन करके मन को जो शांति प्राप्त हुई, वह समय कहने सुनने से परे है। बताओ यह अभेदता नहीं तो क्या है? कहो प्यार से :

***धन्य बाबा कुंदन सिंघ जी।***

